ਪੰਜਾਬ, ਪੰਜਾਬੀ ਅਤੇ ਪੰਜਾਬੀਅਤ ਦਾ ਤਰਜ਼ਮਾਨ

# ਪੰਜਾਬੀ ਦੁਨੀਆ

PUNJABI DUNIYA

Since April 2005 Editor : Sharanjit Singh Thind Weekly

Vol. 20 Issue 38 Friday November 12 to November 19, 2021 www.PUNJABIDUNIYA.com Published Weekly from New York









# ਚਰਨਜੀਤ ਸਿੰਘ ਚੰਨੀ ਸਰਕਾਰ ਦੇ 5 ਵੱਡੇ ਫ਼ੈਸਲੇ



## ਸਿੱਧੂ ਵੀ ਹੋਏ ਬਾਗੋਬਾਗ

ਪੰਜਾਬ ਦੇ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਨੇ ਮੰਗਲਵਾਲ ਨੂੰ 5 ਵੱਡੇ ਫ਼ੈਸਲੇ ਲੈਂਦਿਆਂ ਜਿੱਥੇ ਵਿਰੋਧੀਆਂ ਪਾਰਟੀਆਂ ਤੋਂ ਕਈ ਮੁੱਦੇ ਖੋਹੇ ਉੱਥੇ ਨਰਾਜ਼ ਚੱਲ ਰਹੇ ਪੰਜਾਬ ਕਾਂਗਰਸ ਦੇ ਪਾਰਟੀ ਪ੍ਰਧਾਨ ਨਵਜੋਤ ਸਿੱਧੂ ਨੂੰ ਵੀ ਖੁਸ਼ ਕਰ ਦਿੱਤਾ।

ਪੰਜਾਬ ਕਾਂਗਰਸ ਦੀ ਪ੍ਰਧਾਨਗੀ ਤੋਂ ਅਸਤੀਫ਼ੇ ਦੇਣ ਤੋਂ ਬਾਅਦ ਸਿੱਧੂ ਨੇ ਅਸਤੀਫ਼ਾ ਵਾਪਸ ਹੀ ਨਹੀਂ ਲਿਆ ਸਗੋਂ ਉਹ ਚਰਨਜੀਤ ਸਿੰਘ ਚੰਨੀ ਨਾਲ ਪ੍ਰੈਸ ਕਾਨਫਰੰਸ ਵਿਚ ਆਏ ਅਤੇ ਉਨ੍ਹਾਂ ਨੂੰ ਵਧਾਈ ਦਿੱਤੀ।

ਸਭ ਤੋਂ ਪਹਿਲਾ ਤੇ ਵੱਡਾ ਫੈਸਲਾ ਪੰਜਾਬ ਵਿੱਚ 36 ਹਜ਼ਾਰ ਕੱਚੇ ਮੁਲਾਜ਼ਮਾਂ ਨੂੰ ਪੱਕਿਆਂ ਕਰਨ ਦਾ ਕੀਤਾ ਗਿਆ ਹੈ।ਮੁੱਖ ਮੰਤਰੀ ਚੰਨੀ ਨੇ ਕਿਹਾ ਕਿ ਸਰਕਾਰ ਇਸ ਬਾਰੇ ਪੰਜਾਬ ਵਿਧਾਨ ਸਭਾ ਵਿੱਚ ਬਿੱਲ ਲਿਆਏਗੀ।

ਇਹ ਉਹ ਮੁਲਾਜ਼ਮ ਹਨ ਜੋ ਪੰਜਾਬ ਸਰਕਾਰ ਦੇ ਵਿਭਾਗਾਂ ਵਿੱਚ 10 ਸਾਲ ਜਾਂ ਇਸ ਤੋਂ ਵੱਧ ਸਮੇਂ ਤੋਂ ਕੰਮ ਕਰ ਰਹੇ ਹਨ।

ਇਸ ਦੇ ਨਾਲ ਹੀ ਪੰਜਾਬ ਸਰਕਾਰ ਵੱਲੋਂ @ਪੰਜਾਬ ਕੰਟਰੈਕਟ ਫਾਰਮਿੰਗ ਐਕਟ 2013@ ਨੂੰ ਰੱਦ ਕਰਨ ਦਾ ਫ਼ੈਸਲਾ ਵੀ ਲਿਆ ਗਿਆ।

ਪੰਜਾਬ ਸਰਕਾਰ ਵੱਲੋਂ @ਮਿਨੀਮਮ ਵੇਜ@ ਨੂੰ 415.89 ਰੁਪਏ ਵਧਾਉਣ ਦਾ ਫ਼ੈਸਲਾ ਵੀ ਲਿਆ ਗਿਆ ਹੈ।

ਇਸ ਨਾਲ ਹੁਨਰਮੰਦ ਕਰਮਚਾਰੀਆਂ ਦੀ ਹੁਣ ਘੱਟੋ -ਘੱਟ ਤਨਖ਼ਾਹ 8776 ਰੁਪਏ ਤੋਂ ਵਧ ਕੇ 9192 ਰੁਪਏ ਹੋ ਜਾਵੇਗੀ।

ਚਰਨਜੀਤ ਸਿੰਘ ਚੰਨੀ ਜਦੋਂ ਇਹ ਐਲਾਨ ਕਰ ਰਹੇ ਸੀ ਤਾਂ ਉਨ੍ਹਾਂ ਦੇ ਨਾਲ ਪੰਜਾਬ ਕਾਂਗਰਸ ਦੇ ਪ੍ਰਧਾਨ ਨਵਜੋਤ ਸਿੰਘ ਸਿੱਧੂ ਵੀ ਮੌਜੂਦ ਸਨ।

ਚਰਨਜੀਤ ਸਿੰਘ ਚੰਨੀ ਨੇ ਕਿਹਾ ਹੈ ਕਿ 11 ਤਰੀਕ ਨੂੰ ਹੋ ਰਹੇ ਪੰਜਾਬ ਵਿਧਾਨ ਸਭਾ ਦੇ ਇਜਲਾਸ ਵਿੱਚ ਬਿਜਲੀ ਸਮਝੌਤਿਆਂ ਬਾਰੇ, ਬੀਐੱਸਐੱਫ ਦੀ ਹੱਦ 50 ਕਿਲੋਮੀਟਰ ਵਧਾਉਣ ਦੇ ਖਿਲਾਫ਼ ਮਤੇ ਲਿਆਏ ਜਾਣਗੇ।

ਚਰਨਜੀਤ ਸਿੰਘ ਚੰਨੀ ਦੇ ਹੋਰ ਮੁੱਖ ਐਲਾਨ

ਪੰਜਾਬ ਵਿੱਚ ਮਿਨੀਮਮ ਵੇਜ ਨੂੰ ਵਧਾਉਣ ਦਾ ਐਲਾਨ ਕੀਤਾ ਹੈ।

ਹੁਣ ਸਰਕਾਰੀ ਰੇਤਾ 5.50 ਰੁਪਏ ਪ੍ਰਤੀ ਫੁੱਟ ਵਿੱਚ ਵਿਕੇਗਾ।

ਜ਼ਿੰਮੀਦਾਰ ਹੁਣ ਆਪਣੀ ਜ਼ਮੀਨ ਚੋਂ ਤਿੰਨ ਫੁੱਟ ਤੱਕ ਮਿੱਟੀ ਪੁੱਟ ਸਕਦਾ ਹੈ।

ਭੱਠਿਆ ਨੂੰ ਮਾਇਨਿੰਗ ਦੇ ਦਾਇਰੇ ਵਿਚੋਂ ਬਾਹਰ ਕੱਢਿਆ, ਕਿਤੋਂ ਵੀ ਖਰੀਦ ਸਕਣਗੇ ਮਿੱਟੀ

ਪੰਜਾਬ ਇੰਸਟੀਚਿਊਸ਼ਨਲ ਟੈਕਸ ਜੋ 2011 ਤੋਂ ਲਾਗੂ ਸੀ, ਉਸ ਨੂੰ ਮਾਫ ਕਰ ਦਿੱਤਾ ਗਿਆ ਹੈ।

ਪੰਜਾਬ ਕੈਬਨਿਟ ਨੇ ਏਪੀਐੱਸ ਦਿਓਲ ਦਾ ਪੰਜਾਬ ਦੇ ਐਡਵੋਕੇਟ ਜਨਰਲ ਦੇ ਅਹੁਦੇ ਤੋਂ ਦਿੱਤਾ ਅਸਤੀਫ਼ਾ ਮਨਜ਼ੂਰ

ਬਾਕੀ ਸਫ਼ਾ 13 'ਤੇ

## ਰੰਧਾਵਾ ਦੇ ਜਵਾਈ ਨੂੰ ਬਣਾਇਆ ਗਿਆ ਐਡੀਸ਼ਨਲ ਏਜੀ, ਵਿਰੋਧੀ ਧਿਰ ਨੇ ਕਿਹਾ 'ਘਰ ਘਰ ਨੌਕਰੀ' ਦਾ ਵਾਅਦਾ ਪੂਰਾ



ਆਪਣੇ ਰਿਸ਼ਤੇਦਾਰਾਂ ਅਤੇ ਕਰੀਬੀਆਂ ਨੂੰ ਸਰਕਾਰੀ ਨੌਕਰੀਆਂ ਦੇਣ ਦੇ ਮਾਮਲੇ ਵਿੱਚ ਪੰਜਾਬ ਸਰਕਾਰ ਇੱਕ ਵਾਰ ਮੁੜ ਸਵਾਲਾਂ ਦੇ ਘੇਰੇ ਵਿੱਚ ਆ ਗਈ ਹੈ।

ਇਸ ਵਾਰ ਪੰਜਾਬ ਦੇ ਉਪ ਮੁੱਖ ਮੰਤਰੀ ਸੁਖਜਿੰਦਰ ਸਿੰਘ ਰੰਧਾਵਾ ਦੇ ਜਵਾਈ ਕਾਰਨ ਇਹ ਵਿਵਾਦ ਸ਼ੁਰੂ ਹੋਇਆ ਹੈ।

ਰੰਧਾਵਾ ਦੇ ਜਵਾਈ ਐਡਵੋਕੇਟ ਤਰੁਨਵੀਰ ਸਿੰਘ ਨੂੰ ਪੰਜਾਬ ਸਰਕਾਰ

ਬਾਕੀ ਸਫ਼ਾ 13 'ਤੇ




# ਇਸ਼ਤਿਹਾਰਬਾਜ਼ੀ ਨਾਲ ਲੋਕਾਂ ਨੂੰ ਠੱਗ ਰਹੀ ਹੈ ਸਰਕਾਰ: ਮਜੀਠੀਆ

ਅੰਮ੍ਰਿਤਸਰ-ਸਾਬਕਾ ਅਕਾਲੀ ਮੰਤਰੀ ਬਿਕਰਮ ਸਿੰਘ ਮਜੀਠੀਆ ਨੇ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਵੱਲੋਂ ਪੰਜਾਬ ਵਿੱਚ ਪੈਟਰੋਲ ਅਤੇ ਡੀਜ਼ਲ ਖਿੱਤੇ ਵਿੱਚ ਸਭ ਤੋਂ ਸਸਤਾ ਹੋਣ ਦੇ ਦਾਅਵੇ ਨੂੰ ਝੂਠਾ ਕਰਾਰ ਦਿੰਦਿਆਂ ਕਿਹਾ ਕਿ ਇਸ ਸਬੰਧੀ ਇਸ਼ਤਿਹਾਰਾਂ ’ਤੇ ਕਰੋੜਾਂ ਰੁਪਏ ਖਰਚ ਕੇ ਝੂਠ ਬੋਲਿਆ ਜਾ ਰਿਹਾ ਤੇ ਲੋਕਾਂ ਨੂੰ ਧੋਖਾ ਦਿੱਤਾ ਜਾ ਰਿਹਾ ਹੈ ਜਦਕਿ ਸਚਾਈ ਇਹ ਹੈ ਕਿ ਪੰਜਾਬ ਵਿੱਚ ਪੈਟਰੋਲੀਅਮ ਵਸਤਾਂ ਦੇ ਭਾਅ ਚੰਡੀਗੜ੍ਹ, ਹਿਮਾਚਲ ਪ੍ਰਦੇਸ਼ ਤੇ ਜੰਮੂ ਤੋਂ ਵੱਧ ਹਨ। ਸੀਨੀਅਰ ਅਕਾਲੀ ਆਗੂ ਨੇ ਅੱਜ ਇੱਥੇ ‘ਆਪ’ ਆਗੂ ਤੇ ਕੌਂਸਲਰ ਅਮਰਜੀਤ ਸਿੰਘ ਭਾਟੀਆ ਤੇ ਉਸ ਦੇ ਸਮਰਥਕਾਂ ਨੂੰ ਅਕਾਲੀ ਦਲ ਵਿੱਚ ਸ਼ਾਮਲ ਹੋਣ ਮੌਕੇ ਜੀ ਆਇਆਂ ਆਖਿਆ।




ਇਸ ਮੌਕੇ ਪੱਤਰਕਾਰ ਸੰਮੇਲਨ ਦੌਰਾਨ ਉਨ੍ਹਾਂ ਕਿਹਾ ਕਿ ਮਾਮਲੇ ਦੀ ਸਚਾਈ ਇਹ ਹੈ ਕਿ ਪੰਜਾਬ ਸਰਕਾਰ ਨੇ ਪੈਟਰੋਲੀਅਮ ਪਦਾਰਥਾਂ ’ਤੇ ਸੂਬੇ ਦੇ ਵੈਟ ਦੀਆਂ ਦਰਾਂ ਵਿੱਚ ਕਟੌਤੀ ਨਹੀਂ ਕੀਤੀ, ਜਦਕਿ ਕੇਂਦਰ ਸਰਕਾਰ ਨੇ ਪੈਟਰੋਲ ਅਤੇ ਡੀਜ਼ਲ ਦੋਹਾਂ ’ਤੇ ਕੇਂਦਰੀ ਆਬਕਾਰੀ ਡਿਊਟੀ ਪੰਜ ਰੁਪਏ ਘਟਾਈ ਸੀ। ਹੁਣ ਵੀ ਸੂਬੇ ਨੂੰ ਆਪਣੇ ਵੱਲੋਂ ਕਟੌਤੀ ਕਰਨ ਲਈ ਉਦੋਂ ਮਜਬੂਰ ਹੋਣਾ ਪਿਆ ਜਦੋਂ ਕੇਂਦਰ ਸਰਕਾਰ ਦੇ ਨਾਲ ਹੀ ਕਈ ਰਾਜਾਂ ਨੇ ਆਪਣੇ ਵੈਟ ਵਿੱਚ ਕਟੌਤੀ ਕੀਤੀ ਹੈ। ਉਨ੍ਹਾਂ ਕਿਹਾ ਕਿ ਸੂਬੇ ਦੀਆਂ ਡੀਜ਼ਲ ਕੀਮਤਾਂ ਚੰਡੀਗੜ੍ਹ ਨਾਲੋਂ 3 ਰੁਪਏ ਅਤੇ ਹਿਮਾਚਲ ਪ੍ਰਦੇਸ਼ ਤੇ ਜੰਮੂ ਨਾਲੋਂ 3.25 ਰੁਪਏ ਪ੍ਰਤੀ ਲਿਟਰ ਜ਼ਿਆਦਾ ਹਨ। ਉਨ੍ਹਾਂ ਕਿਹਾ ਕਿ ਪਿਛਲੇ ਪੰਜ ਸਾਲਾਂ ਵਿੱਚ ਇਨ੍ਹਾਂ ਟੈਕਸਾਂ ਰਾਹੀਂ 30 ਹਜ਼ਾਰ ਕਰੋੜ ਰੁਪਏ ਉਗਰਾਹੇ ਗਏ ਹਨ।

### ਕਾਂਗਰਸ ਪ੍ਰਧਾਨ ਨੂੰ ਆਪਣੇ ਮੁੱਖ ਮੰਤਰੀ ’ਤੇ ਭਰੋਸਾ ਨਹੀਂ

ਪੰਜਾਬ ਕਾਂਗਰਸ ਦੇ ਪ੍ਰਧਾਨ ਨਵਜੋਤ ਸਿੰਘ ਸਿੱਧੂ ਦੇ ਹਮਲੇ ਬਾਰੇ ਅਕਾਲੀ ਆਗੂ ਨੇ ਕਿਹਾ ਕਿ ਪ੍ਰਦੇਸ਼ ਕਾਂਗਰਸ ਪ੍ਰਧਾਨ ਨੂੰ ਆਪਣੇ ਮੁੱਖ ਮੰਤਰੀ ’ਤੇ ਭਰੋਸਾ ਨਹੀਂ ਹੈ ਤੇ ਉਨ੍ਹਾਂ ਅਸਿੱਧੇ ਤੌਰ ’ਤੇ ਮੁੱਖ ਮੰਤਰੀ ਖਲਿਾਫ਼ ਬੇਵਿਸਾਹੀ ਮਤਾ ਲਿਆਂਦਾ ਹੈ। ਇਸ ਲਈ ਮੁੱਖ ਮੰਤਰੀ ਨੂੰ ਨੈਤਿਕ ਆਧਾਰ ’ਤੇ ਤੁਰੰਤ ਅਸਤੀਫ਼ਾ ਦੇ ਦੇਣਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਸ੍ਰੀ ਸਿੱਧੂ ਨੇ ਸਹੀ ਕਿਹਾ ਹੈ ਕਿ ਕਾਂਗਰਸ ਸਰਕਾਰ ਜਿਸ ਨੇ ਪੰਜ ਸਾਲਾਂ ਵਿੱਚ ਕੁਝ ਨਹੀਂ ਕੀਤਾ, ਵੱਲੋਂ ਦੋ ਮਹੀਨਿਆਂ ਵਿੱਚ ਪੰਜਾਬੀਆਂ ਨੂੰ ਲੌਲੀਪੌਪ ਦਿੱਤੇ ਜਾ ਰਹੇ ਹਨ।

### ਸਰਕਾਰ ’ਤੇ ਆਪਣੇ ਚਹੇਤਿਆਂ ਨੂੰ ਨੌਕਰੀਆਂ ਵੰਡਣ ਦਾ ਦੋਸ਼

ਸਾਬਕਾ ਅਕਾਲੀ ਮੰਤਰੀ ਨੇ ਦੋਸ਼ ਲਾਇਆ ਵੀਆਈਪੀ ਕੋਟੇ ਦੀ ਦੁਰਵਰਤੋਂ ਕਰ ਕੇ ਉਪ ਮੁੱਖ ਮੰਤਰੀ ਸੁਖਜਿੰਦਰ ਸਿੰਘ ਰੰਧਾਵਾ ਨੇ ਆਪਣੇ ਜਵਾਈ ਨੂੰ ਐਡੀਸ਼ਨਲ ਐਡਵੋਕੇਟ ਜਨਰਲ ਵਜੋਂ ਨਿਯਕਤ ਕਰਵਾਇਆ ਹੈ।

ਉਨ੍ਹਾਂ ਕਿਹਾ ਕਿ 2017 ਦੇ ਇਸ ਐਕਟ ਰਾਹੀਂ ਇਹ ਲਾਜ਼ਮੀ ਹੈ ਕਿ ਵਕੀਲ ਨੂੰ ਇਸ ਅਹੁਦੇ ਲਈ 16 ਸਾਲ ਵਕਾਲਤ ਕਰਨ ਦਾ ਤਜਰਬਾ ਹੋਣਾ ਚਾਹੀਦਾ ਹੈ, ਪਰ ਮੌਜੂਦਾ ਨਿਯੁਕਤੀ ਕਰਨ ਵਾਸਤੇ ਗੈਰ ਸਾਧਾਰਨ ਹਾਲਾਤ ਦਾ ਲਾਭ ਲੈ ਕੇ ਇਹ ਨਿਯਮ ਛਿੱਕੇ ਟੰਗ ਦਿੱਤਾ ਗਿਆ ਹੈ।

## ਨਵਜੋਤ ਸਿੱਧੂ ਦੇ ਦੋਸ਼ਾਂ ਤੋਂ ਬਾਅਦ ਰਵਨੀਤ ਬਿੱਟੂ ਦਾ ਧਮਾਕਾ

ਲੁਧਿਆਣਾ - ਪੰਜਾਬ ਕਾਂਗਰਸ ਪ੍ਰਧਾਨ ਨਵਜੋਤ ਸਿੱਧੂ ਵਲੋਂ ਏਜੀ ਏ.ਪੀ.ਐੱਸ.ਦਿਓਲ ਅਤੇ ਪੰਜਾਬ ਸਰਕਾਰ ਨੂੰ ਘੇਰਨ ਤੋਂ ਬਾਅਦ ਹੁਣ ਕਾਂਗਰਸ ਦੇ ਮੈਂਬਰ ਪਾਰਲੀਮੈਂਟ ਰਵਨੀਤ ਬਿੱਟੂ ਨੇ ਵੀ ਵੱਡਾ ਧਮਾਕਾ ਕੀਤਾ ਹੈ। ਸਿੱਧੂ ’ਤੇ ਤਨਜ਼ ਕੱਸਦਿਆਂ ਪੰਜਾਬ ਸਰਕਾਰ ਨੂੰ ਸਲਾਹ ਦਿੱਤੀ ਹੈ ਕਿ ਪਹਿਲਾਂ ਨਵਜੋਤ ਸਿੰਘ ਸਿੱਧੂ ਨੂੰ ਖ਼ੁਸ਼ ਕਰ ਲਵੋ ਅਤੇ ਫ਼ਿਰ ਹੀ ਲੋਕ ਹਿੱਤ ਵਾਲੀਆਂ ਸਕੀਮਾਂ ਦਾ ਐਲਾਨ ਕਰੋ। ਨਹੀਂ ਤਾਂ ਮੁੜ ਤੋਂ ਸਿੱਧੂ ਇਨ੍ਹਾਂ ਸਕੀਮਾਂ ’ਤੇ ਨੁਕਤਾਚੀਨੀ ਕਰਨਗੇ। ਇੱਥੇ ਇਹ ਵੀ ਦੱਸਣਯੋਗ ਹੈ ਕਿ ਇਸ ਤੋਂ ਪਹਿਲਾਂ ਵੀ ਜਦੋਂ ਨਵਜੋਤ ਸਿੱਧੂ ਨੇ ਇੱਕ ਪ੍ਰੈੱਸ ਕਾਨਫ਼ਰੰਸ ਕਰ ਕੇ ਚਰਨਜੀਤ ਸਿੰਘ ਚੰਨੀ ਦੇ 8Gw#ਅਤੇ $G ਦੀ ਨਿਯੁਕਤੀ ਨੂੰ ਲੈ ਕੇ ਸਵਾਲ ਚੁੱਕੇ ਸਨ ਤਾਂ ਓਦੋਂ ਹੀ ਰਵਨੀਤ ਬਿੱਟੂ ਨੇ ਵਿਅੰਗ ਕੱਦਿਆਂ ਆਖਿਆ ਸੀ, “ਲੱਗਦੈ ਕੇਦਨਾਰਨਾਥ ਵਾਲਾ ਸਮਝੌਤਾ ਟੁੱਟ ਗਿਐ।”ਪੰਜਾਬ ਦੇ ਐਡਵੋਕੇਟ ਜਨਰਲ ਅਮਰਪ੍ਰੀਤ ਸਿੰਘ ਦਿਓਲ ਵਲੋਂ ਨਵਜੋਤ ਸਿੱਧੂ ਖ਼ਿਲਾਫ਼ ਗ਼ਲਤ ਜਾਣਕਾਰੀ ਫ਼ੈਲਾਉਣ ਦੇ ਲਗਾਏ ਦੋਸ਼ਾਂ ਤੋਂ ਬਾਅਦ ਸਿੱਧੂ ਨੇ ਵੀ ਜਵਾਬੀ ਹਮਲਾ ਬੋਲਿਆ ਹੈ। ਇਸ ਹਮਲੇ ’ਚ ਨਵਜੋਤ ਸਿੱਧੂ ਨੇ ਨਾ ਸਿਰਫ਼ ਦਿਓਲ ਨੂੰ ਨਿਸ਼ਾਨੇ ’ਤੇ ਲਿਆ ਹੈ ਸਗੋਂ ਪੰਜਾਬ ਸਰਕਾਰ ’ਤੇ ਵੀ ਸਵਾਲ ਚੁੱਕੇ ਹਨ।



ਪੰਜਾਬ, ਪੰਜਾਬੀ ਅਤੇ ਪੰਜਾਬੀਅਤ ਦਾ ਤਰਜਮਾਨ
ਪੰਜਾਬੀ ਦੁਨੀਆ
PUNJABI DUNIYA


# ਪੰਜਾਬ ਸਰਕਾਰ ਕੋਲ ਇੱਛਾ ਸ਼ਕਤੀ ਦੀ ਘਾਟ: ਸਿੱਧੂ

## ਸੈਸ਼ਨ ਦੇ ਪਹਿਲੇ ਦਿਨ ਪ੍ਰੈੱਸ ਕਾਨਫ਼ਰੰਸ ਕਰ ਕੇ ਆਪਣੀ ਹੀ ਸਰਕਾਰ ਉੱਤੇ ਕੀਤੇ ਤਾਬੜਤੋੜ ਹਮਲੇ



ਚੰਡੀਗੜ੍ਹ-ਪੰਜਾਬ ਕਾਂਗਰਸ ਦੇ ਪ੍ਰਧਾਨ ਨਜਵੋਤ ਸਿੱਧੂ ਨੇ ਅੱਜ ਚੰਨੀ ਸਰਕਾਰ ਨੂੰ ਮੁੜ ਕਟਹਿਰੇ ਵਿੱਚ ਖੜ੍ਹਾ ਕਰਦਿਆਂ ਕਿਹਾ ਕਿ ਪੰਜਾਬ ਸਰਕਾਰ ਕੋਲ ਸਿਆਸੀ ਇੱਛਾ ਸ਼ਕਤੀ ਦੀ ਘਾਟ ਹੈ ਜਿਸ ਕਰਕੇ ਇਹ ਬੇਅਦਬੀ ਅਤੇ ਨਸ਼ਿਆਂ ਦੇ ਮੁੱਦੇ 'ਤੇ ਫ਼ੈਸਲਾ ਨਹੀਂ ਲੈ ਰਹੀ ਹੈ। ਹੁਣ ਇਹ ਤੈਅ ਕਰਨਾ ਪਵੇਗਾ ਕਿ ਪੰਜਾਬ ਨੂੰ ਇਨਸਾਫ਼ ਦੇਣਾ ਹੈ ਜਾਂ ਦੋਸ਼ੀਆਂ ਦੀ ਢਾਲ ਬਣਨਾ ਹੈ? ਸ੍ਰੀ ਸਿੱਧੂ ਨੇ ਕਿਹਾ ਕਿ ਹਾਈ ਕੋਰਟ ਦੇ ਹੁਕਮਾਂ 'ਤੇ ਕੋਟਕਪੂਰਾ ਗੋਲੀ ਕਾਂਡ ਮਾਮਲੇ 'ਤੇ 'ਸਿੱਟ' ਬਣੀ ਸੀ ਅਤੇ ਛੇ ਮਹੀਨਿਆਂ ਵਿੱਚ ਜਾਂਚ ਮੁਕੰਮਲ ਕੀਤੀ ਜਾਣੀ ਸੀ। ਅੱਜ ਛੇ ਮਹੀਨਿਆਂ ਤੋਂ ਇੱਕ ਦਿਨ ਉਪਰ ਹੋ ਚੁੱਕਾ ਹੈ। ਉਨ੍ਹਾਂ ਸੁਆਲ ਕੀਤਾ ਕਿ ਚਾਰਜ਼ਸੀਟ ਕਿੱਥੇ ਹੈ? ਵਿਧਾਨ ਸਭਾ ਸੈਸ਼ਨ ਦੇ ਪਹਿਲੇ ਦਿਨ ਸਿੱਧੂ ਵੱਲੋਂ ਪ੍ਰੈੱਸ ਕਾਨਫ਼ਰੰਸ ਕਰ ਕੇ ਆਪਣੀ ਹੀ ਸਰਕਾਰ 'ਤੇ ਤਾਬੜਤੋੜ ਹਮਲੇ ਕੀਤੇ ਗਏ। ਉਨ੍ਹਾਂ ਸਰਕਾਰ 'ਤੇ ਉਂਗਲ ਉਠਾਈ ਕਿ ਸਾਬਕਾ ਪੁਲੀਸ ਮੁਖੀ ਸੁਮੇਧ ਸੈਣੀ ਨੂੰ ਮਿਲੀ ਬਲੈਂਕਟ ਬੇਲ ਵਿਰੁੱਧ ਵਿਸ਼ੇਸ਼ ਲੀਵ ਪਟੀਸ਼ਨ ਕਿਉਂ ਨਹੀਂ ਦਾਇਰ ਕੀਤੀ ਗਈ? ਉਨ੍ਹਾਂ ਕਿਹਾ ਕਿ ਸਿਆਸੀ ਇੱਛਾ ਸ਼ਕਤੀ ਦੀ ਵੱਡੀ ਕਮੀ ਹੈ ਅਤੇ ਨਾ ਹੀ ਖ਼ਜ਼ਾਨੇ ਨੂੰ ਭਰਨ ਦਾ ਕੋਈ ਰੋਡ ਮੈਪ ਹੈ। ਉਨ੍ਹਾਂ ਡੀਜੀਪੀ ਅਤੇ ਏਜੀ 'ਤੇ ਹਮਲਾ ਕਰਦਿਆਂ ਕਿਹਾ ਕਿ ਇੱਕ ਨੇ ਕਲੀਨ ਚਿੱਟ ਦਿੱਤੀ ਤੇ ਦੂਜੇ ਨੇ ਬਲੈਂਕਟ ਬੇਲ ਦਿਵਾਈ। ਸ੍ਰੀ ਸਿੱਧੂ ਨੇ ਕਿਹਾ ਕਿ ਇਨ੍ਹਾਂ ਅਫ਼ਸਰਾਂ ਨੂੰ ਚੁਣ ਲਓ ਜਾਂ ਫ਼ਿਰ ਪ੍ਰਦੇਸ਼ ਕਾਂਗਰਸ ਪ੍ਰਧਾਨ ਨੂੰ। ਉਨ੍ਹਾਂ ਕਿਹਾ ਕਿ ਨਸ਼ਿਆਂ ਖ਼ਿਲਾਫ਼ ਬੰਦ ਰਿਪੋਰਟ ਨੂੰ ਖੋਲ੍ਹਣ 'ਤੇ ਅਦਾਲਤ ਨੇ ਕੋਈ ਰੋਕ ਨਹੀਂ ਲਾਈ, ਫ਼ਿਰ ਕਿਉਂ ਰਿਪੋਰਟ ਜਨਤਕ ਨਹੀਂ ਕੀਤੀ ਜਾ ਰਹੀ। ਉਨ੍ਹਾਂ ਉਪ ਮੁੱਖ ਮੰਤਰੀ ਸੁਖਜਿੰਦਰ ਸਿੰਘ ਰੰਧਾਵਾ ਦਾ ਨਾਂ ਲਏ ਬਿਨਾਂ ਮੁੜ ਨਿਸ਼ਾਨਾ ਸੇਧਦਿਆਂ ਕਿਹਾ ਕਿ ਉਹ ਤਾਂ ਆਪਣੇ ਪੁਰਾਣੇ ਸਟੈਂਡ 'ਤੇ ਖੜ੍ਹੇ ਹਨ ਪਰ ਜੋ ਬਦਲੇ ਹਨ, ਉਹ ਆਪਣਾ ਸਟੈਂਡ ਕਲੀਅਰ ਕਰਨ। ਉਨ੍ਹਾਂ ਬਿਜਲੀ ਸਮਝੌਤੇ ਰੱਦ ਕੀਤੇ ਜਾਣ ਦੀ ਤਾਰੀਫ਼ ਕੀਤੀ। ਸ੍ਰੀ ਸਿੱਧੂ ਨੇ ਤੇਲ ਸਸਤਾ ਕੀਤੇ ਜਾਣ 'ਤੇ ਟਿੱਪਣੀ ਕਰਦਿਆਂ ਕਿਹਾ ਕਿ ਫ਼ੈਸਲਾ ਚੰਗਾ ਹੈ, ਪਰ ਸਵਾਲ ਕੀਤਾ ਕਿ ਕੀ ਸਰਕਾਰ ਅਗਲੇ ਪੰਜ ਸਾਲਾਂ ਤੱਕ ਇਹੋ ਕੀਮਤਾਂ ਬਰਕਰਾਰ ਰੱਖ ਸਕੇਗੀ? ਉਨ੍ਹਾਂ ਮੁੜ ਕਿਹਾ ਕਿ ਲੋਕਾਂ ਦੀ ਕਚਹਿਰੀ 'ਚ ਸਿਰ ਉੱਚਾ ਕਰ ਕੇ ਜਾਣਾ ਹੈ ਤਾਂ ਫ਼ੈਸਲੇ ਲੈਣੇ ਪੈਣਗੇ। ਸ੍ਰੀ ਸਿੱਧੂ ਨੇ ਇੱਕ ਸੁਆਲ ਦੇ ਜੁਆਬ 'ਚ ਕਿਹਾ ਕਿ ਚਰਨਜੀਤ ਚੰਨੀ ਨੂੰ ਮੁੱਖ ਮੰਤਰੀ ਕਾਂਗਰਸ ਹਾਈਕਮਾਨ ਨੇ ਬਣਾਇਆ ਹੈ ਅਤੇ ਉਨ੍ਹਾਂ ਦੀ ਇਸ 'ਚ ਕੋਈ ਭੂਮਿਕਾ ਨਹੀਂ ਹੈ।

ਪੰਜਾਬ ਕਾਂਗਰਸ ਪ੍ਰਧਾਨ ਨਵਜੋਤ ਸਿੱਧੂ ਤੋਂ ਕਿਸਾਨ ਵੀ ਨਾਖੁਸ਼ ਹਨ ਕਿਉਂਕਿ ਕਿਸਾਨੀ ਦੇ ਭਖਦੇ ਮਾਮਲੇ ਉਹ ਨਹੀਂ ਚੁੱਕ ਰਹੇ। ਕਿਸਾਨ ਆਖਦੇ ਹਨ ਕਿ ਪੰਜਾਬ ਵਿੱਚ ਡੀਏਪੀ ਖਾਦ ਦੀ ਵੱਡੀ ਕਿੱਲਤ ਹੈ, ਨਰਮਾ ਪੱਟੀ ਵਿੱਚ ਗੁਲਾਬੀ ਸੁੰਡੀ ਨੇ ਫ਼ਸਲ ਤਬਾਹ ਕਰ ਦਿੱਤੀ ਤੇ 10 ਕਿਸਾਨ ਖੁਦਕੁਸ਼ੀ ਚੁੱਕੇ ਹਨ, ਮਾਝੇ 'ਚ ਮੀਂਹ ਨੇ ਫ਼ਸਲਾਂ ਖਰਾਬ ਕਰ ਦਿੱਤੀਆਂ ਹਨ ਪਰ ਸ੍ਰੀ ਸਿੱਧੂ ਨੇ ਇੱਕ ਟਵੀਟ ਵੀ ਨਹੀਂ ਕੀਤਾ। ਅੱਜ ਪ੍ਰੈੱਸ ਕਾਨਫ਼ਰੰਸ ਦੌਰਾਨ ਨਵਜੋਤ ਸਿੱਧੂ ਨੇ ਅਕਾਲੀ ਦਲ ਅਤੇ 'ਆਪ' ਖ਼ਿਲਾਫ਼ ਮੂੰਹ ਨਹੀਂ ਖੋਲ੍ਹਿਆ। ਪਿਛਲੇ ਦਿਨਾਂ ਤੋਂ ਕੈਬਨਿਟ ਮੰਤਰੀ ਪਰਗਟ ਸਿੰਘ ਤੋਂ ਬਿਨਾਂ ਕੋਈ ਹੋਰ ਵਿਧਾਇੱਕ ਅਤੇ ਵਜ਼ੀਰ ਵੀ ਨਵਜੋਤ ਸਿੱਧੂ ਨਾਲ ਖੁੱਲ੍ਹੇਆਮ ਵਿੱਚਰ ਨਹੀਂ ਰਹੇ ਹਨ।

# ਮੁੜ 'ਆਪ' ਦਾ ਝਾੜੂ ਫ਼ੜ ਸਕਦੇ ਨੇ ਸੁੱਚਾ ਸਿੰਘ ਛੋਟੇਪੁਰ



ਗੁਰਦਾਸਪੁਰ- ਮਾਝੇ ਦੇ ਸਿਰਕੱਢ ਸਿਆਸੀ ਆਗੂ ਸੁੱਚਾ ਸਿੰਘ ਛੋਟੇਪੁਰ ਮੁੜ ਆਮ ਆਦਮੀ ਪਾਰਟੀ ਦਾ ਝਾੜੂ ਫ਼ੜ ਸਕਦੇ ਹਨ। ਸਿਆਸੀ ਹਲਕਿਆਂ ਵਿੱਚ ਚਰਚਾਵਾਂ ਚੱਲ ਰਹੀਆਂ ਹਨ ਕਿ ਸੁੱਚਾ ਸਿੰਘ ਛੋਟੇਪੁਰ ਆਮ ਆਦਮੀ ਪਾਰਟੀ ਦੇ ਵੱਡੇ ਆਗੂਆਂ ਦੇ ਸੰਪਰਕ ਵਿੱਚ ਹਨ ਅਤੇ ਜਲਦ ਹੀ ਆਮ ਆਦਮੀ ਪਾਰਟੀ 'ਚ ਸ਼ਾਮਲ ਹੋ ਸਕਦੇ ਹਨ। ਹਾਲਾਂਕਿ ਇਸ ਤੋਂ ਪਹਿਲਾਂ ਛੋਟੇਪੁਰ ਦੇ ਅਕਾਲੀ ਦਲ ਵਿੱਚ ਸ਼ਾਮਲ ਹੋਣ ਦੀਆਂ ਚਰਚਾਵਾਂ ਵੀ ਚੱਲ ਰਹੀਆਂ ਸਨ ਪਰ ਸੂਤਰਾਂ ਦੀ ਮੰਨੀਏ ਤਾਂ ਗੁਰਦਾਸਪੁਰ ਦੀ ਜਿਸ ਸੀਟ 'ਤੋਂ ਸੁੱਚਾ ਸਿੰਘ ਛੋਟੇਪੁਰ ਚੋਣ ਲੜਨਾ ਚਾਹੁੰਦੇ ਸਨ ਉਸ 'ਤੇ ਦੋਹਾਂ ਧਿਰਾਂ ਵਿੱਚਕਾਰ ਸਹਿਮਤੀ ਨਹੀਂ ਬਣ ਪਾਈ ਸੀ। ਗੌਰਤਲਬ ਹੈ ਕਿ 2017 ਦੀਆਂ ਵਿਧਾਨ ਸਭਾ ਚੋਣਾਂ ਤੋਂ ਪਹਿਲਾਂ ਸੁੱਚਾ ਸਿੰਘ ਛੋਟੇਪੁਰ ਆਮ ਆਦਮੀ ਪਾਰਟੀ ਤੋਂ ਵੱਖ ਹੋ ਗਏ ਸਨ। ਛੋਟੇਪੁਰ ਉਸ ਸਮੇਂ ਪਾਰਟੀ ਦੇ ਸੂਬਾ ਕਨਵੀਨਰ ਸਨ। ਪਾਰਟੀ ਨਾਲ ਹੋਏ ਮਤਭੇਦਾਂ ਕਾਰਨ 'ਆਪ' ਅਤੇ ਛੋਟੇਪੁਰ ਦੇ ਰਾਹ ਵੱਖ-ਵੱਖ ਹੋ ਗਏ ਸਨ। ਆਮ ਆਦਮੀ ਪਾਰਟੀ ਤੋਂ ਵੱਖ ਹੋਣ ਮਗਰੋਂ ਛੋਟੇਪੁਰ ਨੇ 'ਆਪਣਾ ਪੰਜਾਬ' ਨਾਮ ਦੀ ਇੱਕ ਵੱਖਰੀ ਪਾਰਟੀ ਬਣਾਈ ਸੀ। ਇਸ ਪਾਰਟੀ ਵੱਲੋਂ ਉਹ 2021 ਦੀਆਂ ਵਿਧਾਨ ਸਭਾ ਚੋਣਾਂ 'ਚ ਗੁਰਦਾਸਪੁਰ ਤੋਂ ਚੋਣ ਵੀ ਲੜੇ ਸਨ ਪਰ ਉਨ੍ਹਾਂ ਨੂੰ ਸਫ਼ਲਤਾ ਹਾਸਲ ਨਹੀਂ ਹੋ ਸਕੀ ਸੀ।

ਸਿਆਸੀ ਹਲਕਿਆਂ ਵਿੱਚ ਇਹ ਗੱਲ ਆਮ ਚਰਚਾ ਦਾ ਵਿਸ਼ਾ ਹੈ ਕਿ ਮਾਝੇ ਵਿੱਚ 'ਆਪ' ਆਪਣਾ ਮਜਬੂਤ ਆਧਾਰ ਬਣਾਉਣ ਲਈ ਕਿਸੇ ਵੱਡੇ ਸਿਆਸੀ ਆਗੂ ਦੀ ਭਾਲ ਵਿੱਚ ਹੈ ਅਤੇ ਮੁੜ ਸੁੱਚਾ ਸਿੰਘ ਛੋਟੇਪੁਰ ਨੂੰ ਪਾਰਟੀ ਵਿੱਚ ਸ਼ਾਮਲ ਕਰ ਸਕਦੀ ਹੈ।ਜੇਕਰ ਛੋਟੇਪੁਰ 'ਆਪ' ਵਿੱਚ ਮੁੜ ਸਾਮਲ ਹੁੰਦੇ ਹਨ ਤਾਂ ਸੂਬੇ ਦੀ ਰਾਜਨੀਤੀ ਦੇ ਨਾਲ ਹੀ ਉਨ੍ਹਾਂ ਦੇ ਆਪਣੇ ਜੱਦੀ ਜਲ੍ਹਿ ਗੁਰਦਾਸਪੁਰ ਦੇ ਸਿਆਸੀ ਸਮੀਕਰਨ ਵੀ ਬਦਲਣਗੇ। ਉਧਰ ਪੰਜਾਬ ਦੀ ਰਾਜਨੀਤੀ ਵਿੱਚ ਜਿੱਥੇ ਅਕਾਲੀ ਦਲ-ਬਸਪਾ ਗਠਜੋੜ ਨੇ ਵਿਧਾਨ ਸਭਾ ਚੋਣਾਂ ਲਈ 70 ਤੋਂ ਵੱਧ ਉਮੀਦਵਾਰ ਐਲਾਨ ਦਿੱਤੇ ਹਨ ਤਾਂ ਉਥੇ ਹੀ ਕਾਂਗਰਸ ਕੈਪਟਨ ਦੇ ਅਸਤੀਫ਼ੇ ਮਗਰੋਂ ਵੀ ਨਵਜੋਤ ਸਿੱਧੂ ਦੇ ਨਿੱਤ ਆਪਣੀ ਹੀ ਸਰਕਾਰ ਖਲਿਾਫ਼ ਉਠਾਏ ਜਾ ਰਹੇ ਸਵਾਲਾਂ ਕਾਰਨ ਚਰਚਾ ਵਿੱਚ ਰਹਿੰਦੀ ਹੈ।ਆਮ ਆਦਮੀ ਪਾਰਟੀ ਪੰਜਾਬ ਵਿੱਚ ਮੁੱਖ ਮੰਤਰੀ ਚਿਹਰੇ ਦੀ ਭਾਲ ਵਿੱਚ ਹੈ। ਅਜਿਹੇ ਵਿੱਚ ਜੇਕਰ ਸੁੱਚਾ ਸਿੰਘ ਛੋਟੇਪੁਰ ਮੁੜ 'ਆਪ' ਵਿੱਚ ਜਾਂਦੇ ਹਨ ਤਾਂ ਪੰਜਾਬ ਦੀ ਸਿਆਸਤ ਵਿੱਚ ਨਵੇਂ ਸਮੀਕਰਨ ਵੇਖਣ ਨੂੰ ਮਿਲਣਗੇ।

# ਪਰਵਾਸੀ ਭਾਰਤੀਆਂ ਵੱਲੋਂ ਮੋਰਚੇ ਦੀ ਵਿੱਤੀ ਮਦਦ



ਨਵੀਂ ਦਿੱਲੀ-ਵਿਦੇਸ਼ਾਂ ਵਿੱਚ ਵਸਦੇ ਪਰਵਾਸੀ ਭਾਰਤੀਆਂ ਵੱਲੋਂ ਦਿੱਲੀ ਦੇ ਮੁੱਖ ਮਾਰਗਾਂ ਉਪਰ 345 ਦਿਨਾਂ ਤੋਂ ਦਿੱਤੇ ਜਾ ਰਹੇ ਧਰਨੇ ਨੂੰ ਵਿੱਤੀ ਮਦਦ ਜਾਰੀ ਹੈ। ਹੁਣ ਕਿਉਂਕਿ ਕਈ ਮੁਲਕਾਂ ਵੱਲੋਂ ਕੌਮਾਂਤਰੀ ਉਡਾਣਾਂ ਦੀ ਮਨਜ਼ੂਰੀ ਦਿੱਤੀ ਜਾਣ ਕਰਕੇ ਪਰਵਾਸੀਆਂ ਖ਼ਾਸ ਕਰਕੇ ਪੰਜਾਬੀ ਐੱਨਆਰਆਈਜ਼ ਵੱਲੋਂ ਮੋਰਚੇ ਨੂੰ ਮਾਇੱਕ ਮਦਦ ਦਿੱਤੀ ਜਾ ਰਹੀ ਹੈ। ਕਿਸਾਨ ਆਗੂ ਪ੍ਰੇਮ ਸਿੰਘ ਭੰਗੂ ਤੇ ਯੂਥ ਆਗੂ ਭੁਪਿੰਦਰ ਸਿੰਘ ਲੌਂਗੋਵਾਲ ਨੇ ਦੱਸਿਆ ਕਿ ਵਿਦੇਸ਼ਾਂ ਵਿੱਚ ਰਹਿੰਦੇ ਪੰਜਾਬੀ ਮੋਰਚੇ ਦੇ ਸੰਘਰਸ਼ ਨਾਲ ਸ਼ੁਰੂ ਤੋਂ ਹੀ ਜੁੜੇ ਹੋਏ ਹਨ ਤੇ ਉਨ੍ਹਾਂ ਦੀਆਂ ਨਜ਼ਰਾਂ ਮੋਰਚੇ ਉਪਰ ਲੱਗੀਆਂ ਹੋਈਆਂ ਹਨ। ਉਨ੍ਹਾਂ ਕਿਹਾ ਕਿ ਪਰਵਾਸੀ ਜਦੋਂ ਭਾਰਤ ਆਉਂਦੇ ਹਨ ਤਾਂ ਉਹ ਸਿੰਘੂ ਤੇ ਟਿਕਰੀ ਮੋਰਚਿਆਂ ਸਮੇਤ ਗਾਜ਼ੀਪੁਰ ਹਾਜ਼ਰੀ ਭਰਦੇ ਹਨ ਤੇ ਮੋਰਚੇ ਨੂੰ ਆਰਥਿਕ ਪੱਖੋਂ ਵੀ ਮਜ਼ਬੂਤ ਕਰਨ ਵਿੱਚ ਯੋਗਦਾਨ ਪਾ ਰਹੇ ਹਨ। ਬਰਤਾਨੀਆ ਤੋਂ ਆਏ ਮੋਹਣ ਸਿੰਘ ਬਾਗੜੀ ਤੇ ਨਰਿੰਦਰ ਕੌਰ ਦਾ ਮੋਰਚੇ ਦੇ ਆਗੂਆਂ ਵੱਲੋਂ ਸਿੰਘੂ ਦੇ ਮੰਚ ਤੋਂ ਸਨਮਾਨ ਕੀਤਾ ਗਿਆ। ਇਸ ਜੋੜੇ ਵੱਲੋਂ ਮੋਰਚੇ ਨੂੰ ਵਿੱਤੀ ਮਦਦ ਦੇਣ ਦੇ ਨਾਲ-ਨਾਲ ਹਰ ਪੱਖੋਂ ਸਹਿਯੋਗ ਦਾ ਭਰੋਸਾ ਦਿੱਤਾ ਹੈ। ਉਨ੍ਹਾਂ ਮੁਤਾਬਕ ਮੋਰਚਿਆਂ ਉਪਰ ਔਖੀਆਂ ਹਾਲਤਾਂ ਵਿੱਚ ਬੈਠੇ ਕਿਸਾਨ ਹਰੇਕ ਭਾਰਤੀ ਦੀ ਲੜਾਈ ਲੜ ਰਹੇ ਹਨ।

# ਅਮਰੀਕਾ 'ਚ ਜਲੰਧਰ ਦੇ ਸਵਰਨਜੀਤ ਸਿੰਘ ਨੇ ਰਚਿਆ ਇਤਿਹਾਸ, ਸਿਟੀ ਕੌਂਸਲ ਲਈ ਚੁਣੇ ਜਾਣ ਵਾਲੇ ਪਹਿਲੇ ਸਿੱਖ ਬਣੇ

ਨਿਊਯਾਰਕ/ਕਨੈਕਟੀਕਟ - ਕਨੈਕਟੀਕਟ ਦੇ ਸਹਿਰ ਨਾਰਵਿੱਚ ਦੇ ਇੱਕ ਪੰਜਾਬੀ ਸਿੱਖ ਡੈਮੋਕਰੇਟ ਸਵਰਨਜੀਤ ਸਿੰਘ ਖਾਲਸਾ ਨੇ ਇਸ ਹਫ਼ਤੇ ਇਤਿਹਾਸ ਰਚ ਦਿੱਤਾ। ਜਲੰਧਰ ਨਾਲ ਪਿਛੋਕੜ ਰੱਖਣ ਵਾਲੇ ਸਵਰਨਜੀਤ ਸਿੰਘ ਕਨੈਕਟੀਕਟ ਰਾਜ ਦੀ ਸਿਟੀ ਕੌਂਸਲ ਲਈ ਚੁਣੇ ਗਏ ਪਹਿਲੇ ਸਿੱਖ ਬਣੇ ਹਨ। ਖਾਲਸਾ ਨੇ ਕਿਹਾ ਕਿ ਉਸ ਨੂੰ ਭਾਰਤੀ ਪਰਿਵਾਰਾਂ ਅਤੇ ਹੈਤੀਆਈ ਭਾਈਚਾਰੇ ਅਤੇ ਹੋਰਾਂ ਤੋਂ ਬਹੁਤ ਸਮਰਥਨ ਮਿਲਿਆ, ਜਿਨ੍ਹਾਂ ਨੇ ਮਿਉਂਸੀਪਲ ਬਾਡੀ ਲਈ ਉਸ ਦੀ ਬੋਲੀ ਵਿੱਚ ਬਹੁਤ ਵਿਸਵਾਸ ਦੀ ਭਾਵਨਾ ਪਾਈ। ਬੀਤੇ ਬੁੱਧਵਾਰ ਨੂੰ ਨਵੇਂ ਚੁਣੇ ਗਏ ਸਿਟੀ ਕੌਂਸਲ ਮੈਂਬਰ ਨੂੰ ਲੈਫ਼ਟੀਨੈਂਟ ਗਵਰਨਰ ਸੂਜਨ ਬਾਈਸੀਵਿਜ ਵੱਲੋਂ ਇੱਕ ਵਧਾਈ ਸੰਦੇਸ ਦੇ ਨਾਲ ਮੁਬਾਰਕਬਾਦ ਵੀ ਦਿੱਤੀ ਗਈ। ਉਹਨਾਂ ਕਿਹਾ ਕਿ"ਮੈਂ ਸਵਰਨਜੀਤ ਸਿੰਘ ਖਾਲਸਾ ਨੂੰ ਉਸ ਦੀ ਪ੍ਰਾਪਤੀ ਲਈ ਵਧਾਈ ਦਿੰਦੀ ਹਾਂ।" ਬਾਈਸੀਵਿਜ ਨੇ ਉਸ ਦਿਨ ਖਾਲਸਾ ਬਾਰੇ ਕਿਹਾ ਕਿ "ਉਹ ਇੱਕ ਅਜਿਹਾ ਵਿਅਕਤੀ ਹੈ ਜੋ ਆਪਣੇ ਭਾਈਚਾਰੇ ਨੂੰ ਪਿਆਰ ਕਰਦਾ ਹੈ ਅਤੇ ਜਨਤਕ ਸੇਵਾ ਨੂੰ ਪਿਆਰ ਕਰਦਾ ਹੈ ਅਤੇ ਅਸੀਂ ਉਸਨੂੰ ਪ੍ਰਾਪਤ ਕਰਕੇ ਬਹੁਤ ਖੁਸਕਿਸਮਤ ਹਾਂ।" ਗੌਰਤਲਬ ਹੈ ਕਿ ਅੱਜ ਦੁਨੀਆ ਭਰ ਵਿੱਚ ਸਿੱਖ ਧਰਮ ਦੇ 25



ਮਿਲੀਅਨ ਤੋਂ ਵੱਧ ਪੈਰੋਕਾਰ ਹਨ। ਸਿੱਖ ਕੁਲੀਸਨ ਐਡਵੋਕੇਸੀ ਗਰੁੱਪ ਦੇ ਅਨੁਸਾਰ, ਅੰਦਾਜਨ 500,000 ਦੇ ਕਰੀਬ ਸਿੱਖ ਅਮਰੀਕਾ ਵਿੱਚ ਰਹਿੰਦੇ ਹਨ। ਗਰੁੱਪ ਦਾ ਅੰਦਾਜ਼ਾ ਹੈ ਕਿ ਨੌਰਵਿੱਚ ਵਿੱਚ ਕੁੱਲ ਮਿਲਾ ਕੇ ਲਗਭਗ 10 ਸਿੱਖ ਪਰਿਵਾਰ ਹਨ। ਲੈਫ਼ਟੀਨੈਂਟ ਗਵਰਨਰ ਬਾਈਸੀਵਿਜ ਨੇ ਕਿਹਾ ਕਿ ਰਾਜ ਦੀ ਵਿਧਾਨ ਸਭਾ ਰਾਜ ਦੀ ਵਿਭਿੰਨਤਾ ਦੀ ਪੂਰੀ ਤਰ੍ਹਾਂ ਪ੍ਰਤੀਨਿਧਤਾ ਕਰਨ ਵਿੱਚ ਅਸਫ਼ਲ ਰਹੀ ਹੈ, ਜਿੱਥੇ 10 ਵਿੱਚੋਂ ਇੱਕ ਨਾਗਰਿਕ ਦੂਜੇ ਦੇਸ ਤੋਂ ਪ੍ਰਵਾਸੀ ਹੈ। ਉਹਨਾਂ ਨੇ ਕਿਹਾ,"ਮੈਨੂੰ ਲੱਗਦਾ ਹੈ ਕਿ ਸਾਡੇ ਰੈਂਕਾਂ ਵਿੱਚ ਵਿਭਿੰਨਤਾ ਹੈ।"

# ਬੇਅਦਬੀ ਮਾਮਲਿਆਂ 'ਚ ਕਾਰਵਾਈ 'ਤੇ ਕੈਪਟਨ ਨੇ ਚੰਨੀ ਤੇ ਰੰਧਾਵਾ ਨੂੰ ਘੇਰਿਆ

ਚੰਡੀਗੜ੍ਹ-ਪੰਜਾਬ ਦੇ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਵਲੋਂ ਬੀਤੇ ਦਿਨੀ ਸ੍ਰੀ ਚਮਕੌਰ ਸਾਹਿਬ ਵਿਖੇ ਆਯੋਜਿਤ ਇੱਕ ਪ੍ਰੋਗਰਾਮ ਦੌਰਾਨ ਬਰਗਾੜੀ ਅਤੇ ਬੇਅਦਬੀ ਮਾਮਲਿਆਂ 'ਚ ਕਾਰਵਾਈ ਸਬੰਧੀ ਦਿੱਤੇ ਗਏ ਬਿਆਨ 'ਤੇ ਕੈਪਟਨ ਅਮਰਿੰਦਰ ਸਿੰਘ ਨੇ ਤਿੱਖਾ ਹਮਲਾ ਬੋਲਿਆ। ਉਨ੍ਹਾਂ ਗ੍ਰਹਿ ਮੰਤਰੀ ਸੁਖਜਿੰਦਰ ਸਿੰਘ ਰੰਧਾਵਾ ਅਤੇ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਦੇ ਬਿਆਨਾਂ ਨੂੰ ਇਕੱਠਿਆਂ ਸਾਂਝਾ ਕੀਤਾ, ਜਿਨ੍ਹਾਂ ਵਿੱਚ ਦੋਵੇਂ ਹੀ ਪ੍ਰਸਪਰ ਵਿਰੋਧੀ ਗੱਲਾਂ ਕਹਿ ਰਹੇ ਹਨ। ਕੈਪਟਨ ਅਮਰਿੰਦਰ ਸਿੰਘ ਨੇ ਕਿਹਾ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੇਅਦਬੀ ਦੇ ਮਾਮਲੇ 'ਚ ਘਟੀਆ ਸਿਆਸਤ ਕਰਨੀ ਬੰਦ ਕਰੋ। ਅਜਿਹੀਆਂ ਗੱਲਾਂ ਕਾਰਨ ਪਹਿਲਾਂ ਵੀ ਇਨਸਾਫ਼ ਮਿਲਣ ਦੀ ਪ੍ਰਕਿਰਿਆ ਨੂੰ ਧੱਕਾ ਲੱਗ ਚੁੱਕਾ ਹੈ। ਜਿਨ੍ਹਾਂ ਕਾਨੂੰਨੀ ਪ੍ਰਕਿਰਿਆਵਾਂ ਦਾ ਹੁਣ ਜ਼ਿਕਰ ਕੀਤਾ ਜਾ ਰਿਹਾ ਹੈ, ਉਹ ਸਭ ਮੇਰੇ ਸੀ. ਐੱਮ. ਹੁੰਦਿਆਂ ਹੀ ਸ਼ੁਰੂ ਕਰ ਦਿੱਤੀਆਂ ਗਈਆਂ ਸਨ। ਉਨ੍ਹਾਂ ਦੀ ਸਰਕਾਰ ਦੇ ਸਮੇਂ ਉਕਤ ਮਾਮਲਿਆਂ 'ਚ ਡੀ. ਜੀ. ਪੀ. ਪੱਧਰ ਦੇ ਅਧਿਕਾਰੀ ਸਮੇਤ 19 ਪੁਲੀਸ ਅਧਿਕਾਰੀਆਂ ਅਤੇ 24 ਹੋਰਨਾਂ ਨੂੰ ਗ੍ਰਿਫ਼ਤਾਰ ਕੀਤਾ ਗਿਆ ਸੀ। ਜਿਨ੍ਹਾਂ 'ਚੋਂ ਕਈ ਹੁਣ ਜ਼ਮਾਨਤਾਂ 'ਤੇ ਹਨ। ਉਨ੍ਹਾਂ ਨੇ ਉਮੀਦ ਪ੍ਰਗਟਾਈ ਕਿ ਕਾਨੂੰਨ ਆਪਣਾ ਕੰਮ ਕਰੇਗਾ ਅਤੇ ਇਨਸਾਫ਼ ਮਿਲੇਗਾ। ਕੈਪਟਨ ਅਮਰਿੰਦਰ ਸਿਘ ਵਲੋਂ ਡਿਪਟੀ ਸੀ. ਐੱਮ. ਸੁਖਜਿੰਦਰ ਸਿੰਘ ਰੰਧਾਵਾ ਦਾ 19 ਸਤੰਬਰ ਦਾ ਇੱਕ ਬਿਆਨ ਸਾਂਝਾ ਕੀਤਾ ਗਿਆ ਹੈ, ਜਿਸ ਵਿੱਚ ਰੰਧਾਵਾ ਪੱਤਰਕਾਰਾਂ ਦੇ ਸਵਾਲਾਂ ਦਾ ਜਵਾਬ ਦਿੰਦੇ ਹੋਏ ਇਹ ਕਹਿੰਦੇ ਸੁਣਾਈ ਦੇ ਰਹੇ ਹਨ ਕਿ ਬੇਅਦਬੀ ਵਰਗੇ ਮਾਮਲਿਆਂ 'ਚ ਇਨਸਾਫ਼ ਦੇਣ ਲਈ ਸਰਕਾਰਾਂ ਨੂੰ 4 ਮਹੀਨੇ ਹੀ ਨਹੀਂ, ਸਗੋਂ 4 ਦਿਨ ਹੀ ਬਹੁਤ ਹੁੰਦੇ ਹਨ। ਇਸ ਲਈ ਕੁਰਸੀ ਉੱਤੇ ਬੈਠੇ ਵਿਅਕਤੀ ਦੀ ਨੀਯਤ ਅਤੇ ਏਜੰਡਾ ਸਪੱਸ਼ਟ ਹੋਣਾ ਚਾਹੀਦਾ ਹੈ। ਇਹ ਜਵਾਬ ਰੰਧਾਵਾ ਨੇ ਇਹ ਪੁੱਛੇ ਜਾਣ 'ਤੇ ਦਿੱਤਾ ਸੀ ਕਿ ਕੀ ਕੈਪਟਨ ਅਮਰਿੰਦਰ ਸਿੰਘ ਨੂੰ ਮੁੱਖ ਮੰਤਰੀ ਦੀ ਕੁਰਸੀ ਤੋਂ ਹਟਾਉਣ ਪਿੱਛੋਂ ਕੰਮ ਕਰਨ ਲਈ ਬਾਕੀ ਬਚੇ 4-5 ਮਹੀਨਿਆਂ ਦੌਰਾਨ ਬੇਅਦਬੀ ਅਤੇ ਗੋਲੀਕਾਂਡ ਦੇ ਮਾਮਲਿਆਂ 'ਚ ਇਨਸਾਫ਼ ਮਿਲ ਸਕੇਗਾ। ਉਧਰ ਕੈਪਟਨ ਅਮਰਿੰਦਰ ਸਿੰਘ ਵਲੋਂ ਸੀ. ਚੰਨੀ ਦੇ ਉਸ ਬਿਆਨ ਨੂੰ ਵੀ ਸਾਂਝਾ ਕੀਤਾ ਗਿਆ ਹੈ, ਜਿਸ ਵਿੱਚ ਚੰਨੀ ਇਹ ਕਹਿ ਰਹੇ ਹਨ ਕਿ ਬੇਅਦਬੀ ਦੇ ਮਾਮਲਿਆਂ 'ਚ ਇਨਸਾਫ਼ ਮਿਲੇਗਾ ਅਤੇ ਇਸ ਲਈ ਕਾਨੂੰਨ ਆਪਣਾ ਕੰਮ ਕਰ ਰਿਹਾ ਹੈ। ਚੰਨੀ ਵਲੋਂ ਡੇਰਾ ਮੁੱਖੀ ਗੁਰਮੀਤ ਰਾਮ ਰਹੀਮ ਕੋਲੋਂ ਪੁੱਛਗਿੱਛ ਕੀਤੇ ਜਾਣ ਲਈ ਮਿਲੀ ਅਦਾਲਤ ਦੀ ਆਗਿਆ ਦਾ ਵੀ ਜ਼ਿਕਰ ਕੀਤਾ ਗਿਆ ਹੈ।

# ਬਹਿਬਲ ਗੋਲੀ ਕਾਂਡ: ਐੱਸ.ਪੀ. ਬਿਕਰਮਜੀਤ ਦੀ ਬਹਾਲੀ ਦੇ ਹੁਕਮ ਅਮਰਿੰਦਰ ਨੇ ਦਿੱਤੇ : ਰੰਧਾਵਾ

ਚੰਡੀਗੜ੍ਹ-ਪੰਜਾਬ ਦੇ ਉੱਪ ਮੁੱਖ ਮੰਤਰੀ ਸੁਖਜਿੰਦਰ ਸਿੰਘ ਰੰਧਾਵਾ ਨੇ ਬਹਿਬਲ ਕਲਾਂ ਗੋਲੀ ਕਾਂਡ ਮਾਮਲੇ ਵਿੱਚ ਅਪਰਾਧਿਕ ਕੇਸ ਦਾ ਸਾਹਮਣਾ ਕਰ ਰਹੇ ਫ਼ਰੀਦਕੋਟ ਦੇ ਤਤਕਾਲੀ ਐੱਸ.ਪੀ. (ਡੀ.) ਬਿਕਰਮਜੀਤ ਸਿੰਘ ਦੀ ਬਹਾਲੀ ਦੇ ਮਾਮਲੇ ਵਿੱਚ ਪੱਲਾ ਝਾੜ ਲਿਆ ਹੈ। ਰੰਧਾਵਾ ਨੇ ਜਾਰੀ ਬਿਆਨ 'ਚ ਸਪੱਸ਼ਟ ਕੀਤਾ ਕਿ ਐੱਸ.ਪੀ ਬਿਕਰਮਜੀਤ ਸਿੰਘ ਦੀ ਬਹਾਲੀ ਦੇ ਇਹ ਹੁਕਮ ਸਾਬਕਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਵਲੋਂ ਕੀਤੇ ਗਏ ਸਨ।



ਜ਼ਿਕਰਯੋਗ ਹੈ ਕਿ ਮੌਜੂਦਾ ਸਰਕਾਰ ਤਰਫ਼ੋਂ ਐੱਸ.ਪੀ ਨੂੰ ਬਹਾਲ ਕੀਤੇ ਜਾਣ ਨੂੰ ਲੈ ਕੇ ਸਿਆਸੀ ਰੌਲਾ ਪੈ ਗਿਆ ਹੈ। ਚੋਣਾਂ ਸਿਰ 'ਤੇ ਹੋਣ ਕਰਕੇ ਇਸ ਅਧਿਕਾਰੀ ਦੀ ਬਹਾਲੀ ਨੇ ਮੁੱਖ ਵਿਰੋਧੀ ਧਿਰ ਨੂੰ ਸਿਆਸੀ ਵਾਰ ਕਰਨ ਦਾ ਮੌਕਾ ਦੇ ਦਿੱਤਾ ਹੈ। ਰੰਧਾਵਾ ਨੇ ਕਿਹਾ ਕਿ ਸਾਬਕਾ ਮੁੱਖ ਮੰਤਰੀ ਜਿਨ੍ਹਾਂ ਕੋਲ ਗ੍ਰਹਿ ਵਿਭਾਗ ਵੀ ਸੀ, ਵਲੋਂ ਉਸ ਵੇਲੇ ਦੇ ਵਧੀਕ ਮੁੱਖ ਸਕੱਤਰ ਗ੍ਰਹਿ ਵਲੋਂ ਸਬੰਧਤ ਪੁਲੀਸ ਅਫ਼ਸਰ ਦੇ ਹੱਕ ਵਿੱਚ ਨਾ ਲਿਖੇ ਜਾਣ ਦੇ ਬਾਵਜੂਦ ਸਿਰਫ਼ ਇੱਕ ਇੰਕਰੀਮੈਂਟ ਰੋਕ ਕੇ ਬਹਾਲ ਕਰਨ ਦੇ ਹੁਕਮ ਕਰ ਦਿੱਤੇ ਗਏ।

ਸ੍ਰੀ ਰੰਧਾਵਾ ਨੇ ਦੱਸਿਆ ਕਿ 13 ਜੁਲਾਈ 2021 ਨੂੰ ਉਸ ਸਮੇਂ ਦੇ ਵਧੀਕ ਮੁੱਖ ਸਕੱਤਰ ਗ੍ਰਹਿ ਨੇ ਮੁੱਖ ਮੰਤਰੀ ਨੂੰ ਭੇਜੇ ਆਪਣੇ ਨੋਟ ਵਿੱਚ ਲਿਖਿਆ ਸੀ ਕਿ ਪੜਤਾਲ ਦੌਰਾਨ ਇਹ ਅਫ਼ਸਰ ਕੋਈ ਠੋਸ ਸਬੂਤ ਪੇਸ਼ ਨਹੀਂ ਕਰ ਸਕਿਆ ਅਤੇ ਨਾ ਹੀ ਕੋਈ ਆਪਣੀ ਬੇਗੁਨਾਹੀ ਦਾ ਨਵਾਂ ਤੱਥ ਪੇਸ ਕਰ ਸਕਿਆ। ਇਸ ਤੋਂ ਬਾਅਦ ਉਸ ਵੇਲੇ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ 19 ਜੁਲਾਈ 2021 ਨੂੰ ਬਿਕਰਮਜੀਤ ਸਿੰਘ ਨੂੰ ਸਿਰਫ਼ ਇੱਕ ਇੰਕਰੀਮੈਂਟ ਰੋਕ ਕੇ ਬਹਾਲ ਕਰਨ ਦੇ ਹੁਕਮ ਦੇ ਦਿੱਤੇ ਸਨ।

# ਹੁਣ ਰੰਧਾਵਾ ਤੇ ਚੰਨੀ ਵਿਚਾਲੇ ਹੋ ਗਈ ਹੈ ਅਣਬਣ ? ਅਹਿਮ ਪ੍ਰੈੱਸ ਕਾਨਫ਼ਰੰਸ ਤੋਂ ਉੱਪ-ਮੁੱਖ ਮੰਤਰੀ ਨੇ ਬਣਾਈ ਦੂਰੀ



ਲੁਧਿਆਣਾ -ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਤੇ ਪੰਜਾਬ ਕਾਂਗਰਸ ਪ੍ਰਧਾਨ ਨਵਜੋਤ ਸਿੱਧੂ ਵਿਚਾਲੇ ਖਿੱਚੋਤਾਣ ਕਿਸੇ ਤੋਂ ਛੁਪੀ ਨਹੀਂ ਹੈ, ਜਿਸ ਤਹਿਤ ਸਿੱਧੂ ਖੁੱਲ੍ਹੇਆਮ ਸਰਕਾਰ 'ਤੇ ਹਮਲੇ ਕਰ ਰਹੇ ਹਨ ਤਾਂ ਚੰਨੀ ਵਲੋਂ ਸੁਲਝੇ ਹੋਏ ਸ਼ਬਦਾਂ 'ਚ ਜਵਾਬ ਦੇਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ। ਇਸੇ ਵਿਚਾਲੇ ਚੰਨੀ ਦੀ ਗ੍ਰਹਿ ਮੰਤਰੀ ਸੁਖਜਿੰਦਰ ਸਿੰਘ ਰੰਧਾਵਾ ਨਾਲ ਅਣਬਣ ਹੋਣ ਦੀ ਚਰਚਾ ਸੁਣਨ ਨੂੰ ਮਿਲ ਰਹੀ ਹੈ, ਜਿਸ ਦੇ ਸੰਕੇਤ ਬਿਜਲੀ ਤੋਂ ਬਾਅਦ ਪੈਟਰੋਲ-ਡੀਜ਼ਲ ਦੀਆਂ ਕੀਮਤਾਂ ਘਟਾਉਣ ਦੇ ਐਲਾਨ ਸਬੰਧੀ ਬੁਲਾਈ ਗਈ ਪ੍ਰੈੱਸ ਕਾਨਫ਼ਰੰਸ 'ਚ ਦੇਖਣ ਨੂੰ ਮਿਲੇ ਹਨ, ਜਦੋਂ ਰੰਧਾਵਾ ਦੋਵਾਂ ਫ਼ੈਸਲਿਆਂ 'ਤੇ ਮੋਹਰ ਲਾਉਣ ਲਈ ਕੈਬਨਿਟ ਮੀਟਿੰਗ 'ਚ ਮੌਜੂਦ ਸਨ ਪਰ ਉਸ ਦੇ ਐਲਾਨ ਮੌਕੇ ਉਨ੍ਹਾਂ ਨੇ ਚੰਨੀ ਤੋਂ ਦੂਰੀ ਬਣਾ ਲਈ।

ਹਾਲਾਂਕਿ ਉਸ ਸਮੇਂ ਉੱਪ ਮੁੱਖ ਮੰਤਰੀ ਓ. ਪੀ. ਸੋਨੀ ਤੋਂ ਇਲਾਵਾ ਕਈ ਹੋਰ ਮੰਤਰੀ ਚੰਨੀ ਨਾਲ ਮੌਜੂਦ ਸਨ। ਸੂਤਰਾਂ ਦੇ ਅਨੁਸਾਰ ਇਹ ਪੁਲੀਸ ਵਿਭਾਗ 'ਚ ਟ੍ਰਾਂਸਫ਼ਰ ਤੇ ਪੋਸਟਿੰਗ ਨੂੰ ਲੈ ਕੇ ਪੈਦਾ ਹੋਏ ਕਿਸੇ ਵਿਵਾਦ ਦਾ ਨਤੀਜਾ ਹੋ ਸਕਦਾ ਹੈ ਕਿਉਂਕਿ ਗ੍ਰਹਿ ਵਿਭਾਗ ਦੇਣ ਦੇ ਬਾਵਜੂਦ ਰੰਧਾਵਾ ਨੂੰ ਟ੍ਰਾਂਸਫ਼ਰ ਤੇ ਪੋਸਟਿੰਗ ਸਬੰਧੀ ਫ਼ੈਸਲੇ ਲੈਣ ਲਈ ਸੀਮਤ ਅਧਿਕਾਰ ਦਿੱਤੇ ਗਏ ਹਨ।

# 'ਮਨੀਸ਼ ਤਿਵਾੜੀ' ਨੇ ਘੇਰੀ ਆਪਣੀ ਹੀ ਸਰਕਾਰ, ਟਵੀਟ ਕਰਕੇ ਚੁੱਕਿਆ ਇਹ ਮੁੱਦਾ

ਚੰਡੀਗੜ੍ਹ - ਕਾਂਗਰਸ ਦੇ ਸੀਨੀਅਰ ਆਗੂ ਮਨੀਸ਼ ਤਿਵਾੜੀ ਨੇ ਬੀ. ਐੱਸ. ਐੱਫ. ਮੁੱਦੇ ਨੂੰ ਲੈ ਕੇ ਆਪਣੀ ਹੀ ਸਰਕਾਰ ਨੂੰ ਘੇਰਿਆ ਹੈ। ਮਨੀਸ਼ ਤਿਵਾੜੀ ਨੇ ਟਵੀਟ ਕਰਕੇ ਕਾਂਗਰਸ 'ਤੇ ਸਵਾਲ ਚੁੱਕਦਿਆਂ ਕਿਹਾ ਕਿ ਕੇਂਦਰ ਦੇ ਉਕਤ ਫ਼ੈਸਲੇ ਨੂੰ ਇੱਕ ਮਹੀਨਾ ਹੋਣ ਜਾ ਰਿਹਾ ਹੈ। ਮਨੀਸ਼ ਤਿਵਾੜੀ ਨੇ ਕਿਹਾ ਕਿ ਸਰਕਾਰ ਨੇ ਅਜੇ ਤਕ ਸੁਪਰੀਮ ਕੋਰਟ 'ਚ ਧਾਰਾ-131 ਤਹਿਤ ਇਸ ਨੂੰ ਲੈ ਕੇ ਚੁਣੌਤੀ ਕਿਉਂ ਨਹੀਂ ਦਿੱਤੀ ਹੈ।



ਉਨ੍ਹਾਂ ਦਾ ਕਹਿਣਾ ਹੈ ਕਿ ਕੀ ਫ਼ੈਸਲੇ ਦਾ ਵਿਰੋਧ ਸਿਰਫ਼ ਇੱਕ ਖਾਨਾਪੂਰਤੀ ਹੈ। ਦੱਸਣਯੋਗ ਹੈ ਕਿ ਪੰਜਾਬ ਸਰਕਾਰ ਵੱਲੋਂ ਬੀ. ਐੱਸ. ਐੱਫ. ਮੁੱਦੇ 'ਤੇ ਵਿਸ਼ੇਸ਼ ਇਜਲਾਸ ਸੱਦਿਆ ਗਿਆ ਹੈ। ਇਜਲਾਸ ਦੀ ਕਾਰਵਾਈ ਦੌਰਾਨ ਵਿੱਛੜੀਆਂ ਰੂਹਾਂ ਨੂੰ ਸ਼ਰਧਾਂਜਲੀ ਦਿੱਤੀ ਗਈ, ਜਦੋਂ ਕਿ 11 ਨਵੰਬਰ ਨੂੰ ਬੀ. ਐੱਸ. ਐੱਫ. ਮੁੱਦੇ 'ਤੇ ਸਦਨ ਅੰਦਰ ਵਿਚਾਰ-ਚਰਚਾ ਹੋਵੇਗੀ ਅਤੇ ਸਰਕਾਰ ਵਲੋਂ ਕੋਈ ਵੱਡਾ ਫ਼ੈਸਲਾ ਲਿਆ ਜਾ ਸਕਦਾ ਹੈ।

# ਪੰਜਾਬ ਦੇ ਏ. ਜੀ. ਨੂੰ ਨਵਜੋਤ ਸਿੱਧੂ ਦਾ ਕਰਾਰਾ ਜਵਾਬ, ਪੰਜਾਬ ਸਰਕਾਰ 'ਤੇ ਵੀ ਚੁੱਕੇ ਸਵਾਲ

ਚੰਡੀਗੜ੍ਹ - ਪੰਜਾਬ ਦੇ ਏ. ਜੀ. (ਐਡਵੋਕੇਟ ਜਨਰਲ) ਅਮਰਪ੍ਰੀਤ ਸਿੰਘ ਦਿਓਲ ਵਲੋਂ ਨਵਜੋਤ ਸਿੱਧੂ ਖ਼ਿਲਾਫ਼ ਗਲਤ ਜਾਣਕਾਰੀ ਫ਼ੈਲਾਉਣ ਦੇ ਲਗਾਏ ਦੋਸ਼ਾਂ ਤੋਂ ਬਾਅਦ ਸਿੱਧੂ ਨੇ ਵੀ ਜਵਾਬੀ ਹਮਲਾ ਬੋਲਿਆ ਹੈ। ਇਸ ਹਮਲੇ ਵਿੱਚ ਨਵਜੋਤ ਸਿੱਧੂ ਨੇ ਨਾ ਸਿਰਫ਼ ਏ.ਜੀ. ਦਿਓਲ ਨੂੰ ਨਿਸ਼ਾਨੇ 'ਤੇ ਲਿਆ ਹੈ ਸਗੋਂ ਪੰਜਾਬ ਸਰਕਾਰ 'ਤੇ ਵੀ ਸਵਾਲ ਚੁੱਕੇ ਹਨ। ਸਿੱਧੂ ਨੇ ਏ. ਜੀ. ਨੂੰ ਦਿਓਲ ਨੂੰ ਸਵਾਲ ਪੁੱਛਿਆ ਹੈ ਕਿ 'ਕੀ ਮੈਂ ਇਹ ਜਾਣ ਸਕਦਾ ਹਾਂ ਕਿ ਜਦੋਂ ਤੁਸੀਂ ਮੁੱਖ ਮੁਲਜ਼ਮਾਂ ਦੀ ਪੈਰਵੀ ਕਰ ਰਹੇ ਸੀ ਅਤੇ ਉਨ੍ਹਾਂ ਨੂੰ ਬਲੈਂਕੇਟ ਬੇਲ ਦਵਾ ਰਹੇ ਸੀ, ਉਦੋਂ ਕਿਸ ਦੇ ਹਿੱਤਾਂ ਲਈ ਕੰਮ ਕਰ ਰਹੇ ਸੀ ਅਤੇ ਹੁਣ ਕਿਸ ਦੇ ਹਿੱਤਾਂ ਲਈ ਕੰਮ ਕਰ ਰਹੇ ਹੋ ? ਕੀ ਤੁਸੀਂ ਉਨ੍ਹਾਂ ਲਈ ਕੰਮ ਕਰ ਰਹੇ ਹੋ ਜਿਨ੍ਹਾਂ ਨੇ ਆਪਣੇ ਸਿਆਸੀ ਹਿੱਤਾਂ ਲਈ ਤੁਹਾਨੂੰ ਇਸ ਸੰਵਿਧਾਨਕ ਦਫ਼ਤਰ ਵਿੱਚ ਨਿਯੁਕਤ ਕੀਤਾ ਹੈ।'ਸਿੱਧੂ ਨੇ ਅੱਗੇ ਕਿਹਾ ਕਿ 'ਮਿਸਟਰ ਏ. ਜੀ. ਪੰਜਾਬ, ਇਨਸਾਫ਼ ਅੰਨ੍ਹਾ ਹੈ ਪਰ ਪੰਜਾਬ ਦੇ ਲੋਕ ਨਹੀਂ। ਸਾਡੀ ਕਾਂਗਰਸ ਪਾਰਟੀ ਬੇਅਦਬੀ ਮਾਮਲੇ ਵਿੱਚ ਨਿਆਂ ਦੇਣ ਦੇ ਵਾਅਦੇ ਨਾਲ ਸੱਤਾ ਵਿੱਚ ਆਈ ਸੀ ਜਿਸ ਵਿੱਚ ਤੁਸੀਂ ਮੁੱਖ ਸਾਜ਼ਿਸ਼ਕਰਤਾਵਾਂ, ਮੁਲਜ਼ਮਾਂ ਲਈ ਹਾਈਕੋਰਟ ਵਿੱਚ ਪੇਸ਼ ਹੋਏ ਅਤੇ ਸਾਡੀ ਸਰਕਾਰ 'ਤੇ ਗੰਭੀਰ ਇਲਜ਼ਾਮ ਲਗਾਏ। ਅੱਜ ਤੁਸੀਂ ਸੱਤਾ ਵਿੱਚ ਉਸੇ ਸਿਆਸੀ ਪਾਰਟੀ ਦੀ ਸਰਕਾਰ ਦੀ ਨੁਮਾਇੰਦਗੀ ਕਰ ਰਹੇ ਹੋ ਅਤੇ ਮੇਰੇ 'ਤੇ ਗਲਤ ਜਾਣਕਾਰੀ ਫ਼ੈਲਾਉਣ ਦਾ ਦੋਸ਼ ਲਗਾ ਰਹੇ ਹੋ। ਜਦਕਿ ਮੈਂ ਬੇਅਦਬੀ ਦੇ ਕੇਸਾਂ ਵਿੱਚ ਇਨਸਾਫ਼ ਲਈ ਲੜ ਰਿਹਾ ਹਾਂ ਪਰ ਤੁਸੀਂ ਮੁਲਜ਼ਮਾਂ ਨੂੰ ਜ਼ਮਾਨਤਾਂ ਦਵਾ



ਰਹੇ ਹੋ। ਪੰਜਾਬ ਦੇ ਏ. ਜੀ. (ਐਡਵੋਕੇਟ ਜਨਰਲ) ਅਮਰਪ੍ਰੀਤ ਸਿੰਘ ਦਿਓਲ ਨੇ ਨਵਜੋਤ ਸਿੱਧੂ 'ਤੇ ਪਹਿਲਾ ਵੱਡਾ ਹਮਲਾ ਬੋਲਦਿਆਂ ਆਖਿਆ ਸੀ ਕਿ ਨਵਜੋਤ ਸਿੰਘ ਸਿੱਧੂ ਆਪਣੇ ਸਿਆਸੀ ਫ਼ਾਇਦੇ ਲਈ ਗਲਤ ਜਾਣਕਾਰੀ ਫ਼ੈਲਾਅ ਰਹੇ ਹਨ। ਦਿਓਲ ਨੇ ਆਖਿਆ ਸੀ ਕਿ ਸਰਕਾਰ ਅਤੇ ਮੇਰੇ ਦਰਮਿਆਨ ਕੀਤੇ ਜਾਣ ਵਾਲੇ ਕੰਮਾਂ ਵਿੱਚ ਨਵਜੋਤ ਸਿੱਧੂ ਰੋੜਾ ਬਣ ਰਹੇ ਹਨ। ਨਵਜੋਤ ਸਿੱਧੂ ਵਲੋਂ ਲਗਾਏ ਜਾ ਰਹੇ ਦੋਸ਼ਾਂ ਤੋਂ ਬਾਅਦ ਏ. ਜੀ. ਏ. ਪੀ. ਐੱਸ. ਦਿਓਲ ਦਾ ਇਹ ਪਹਿਲਾ ਅਤੇ ਵੱਡਾ ਬਿਆਨ ਸੀ। ਦਰਅਸਲ ਜਦੋਂ ਤੋਂ ਏ. ਪੀ.ਐੱਸ. ਦਿਓਲ ਨੂੰ ਏ. ਜੀ. ਦੇ ਅਹੁਦੇ 'ਤੇ ਤਾਇਨਾਤ ਕੀਤਾ ਗਿਆ ਹੈ, ਉਸੇ ਦਿਨ ਤੋਂ ਸਿੱਧੂ ਖੁੱਲ੍ਹ ਕੇ ਉਨ੍ਹਾਂ ਦਾ ਵਿਰੋਧ ਕਰਦੇ ਰਹੇ ਹਨ। ਸਿੱਧੂ ਦਾ ਕਹਿਣਾ ਹੈ ਦਿਓਲ ਉਹੀ ਵਕੀਲ ਹਨ, ਜਿਨ੍ਹਾਂ ਨੇ ਸੁਮੇਧ ਸਿੰਘ ਸੈਣੀ ਨੂੰ ਬੇਲ ਦਿਵਾਈ ਸੀ। ਫ਼ਿਰ ਦਿਓਲ ਨੂੰ ਏ. ਜੀ. ਦੇ ਅਹੁਦੇ 'ਤੇ ਤਾਇਨਾਤ ਕਿਵੇਂ ਕੀਤਾ ਜਾ ਸਕਦਾ ਹੈ। ਜ਼ਿਕਰਯੋਗ ਹੈ ਕਿ ਚਰਨਜੀਤ ਚੰਨੀ ਦੀ ਸਰਕਾਰ ਦੇ ਵਿਸਤਾਰ ਤੋਂ ਬਾਅਦ ਪਿਛਲੇ ਮਹੀਨੇ ਏ. ਪੀ. ਐੱਸ. ਦਿਓਲ ਨੂੰ ਏ. ਜੀ ਲਗਾਇਆ ਗਿਆ ਸੀ। ਇਸ ਮਗਰੋਂ ਹੀ ਵਿਵਾਦ ਖੜ੍ਹਾ ਹੋ ਗਿਆ। ਨਵਜੋਤ ਸਿੱਧੂ ਨੇ ਇਸ ਦਾ ਖੁੱਲ੍ਹ ਕੇ ਵਿਰੋਧ ਕੀਤਾ, ਜਦੋਂ ਉਨ੍ਹਾਂ ਦੀ ਨਹੀਂ ਸੁਣੀ ਗਈ ਤਾਂ ਉਨ੍ਹਾਂ ਅਸਤੀਫ਼ਾ ਦੇ ਦਿੱਤਾ। ਇਸ ਦੌਰਾਨ ਸਿੱਧੂ ਨੇ ਦਿਓਲ 'ਤੇ ਹਮਲੇ ਲਗਾਤਾਰ ਜਾਰੀ ਰੱਖੇ। ਜਿਸ ਤੋਂ ਏ. ਪੀ. ਐੱਸ. ਦਿਓਲ ਵਲੋਂ ਏ. ਜੀ. ਦੇ ਅਹੁਦੇ ਤੋਂ ਅਸਤੀਫ਼ਾ ਦੇਣ ਦੀਆਂ ਖ਼ਬਰਾਂ ਸਾਹਮਣੇ ਆਈਆਂ, ਜਿਨ੍ਹਾਂ ਨੂੰ ਸਰਕਾਰ ਵਲੋਂ ਬਾਅਦ ਵਿੱਚ ਨਾਕਾਰ ਦਿੱਤਾ ਗਿਆ। ਬੀਤੇ ਦਿਨੀਂ ਚੰਡੀਗੜ੍ਹ 'ਚ ਪ੍ਰੈੱਸ ਕਾਨਫ਼ਰੰਸ ਕਰਦੇ ਹੋਏ ਸਿੱਧੂ ਨੇ ਪੰਜਾਬ ਪੁਲੀਸ ਪ੍ਰਮੁੱਖ ਅਤੇ ਐਡਵੋਕੇਟ ਜਨਰਲ ਦੀ ਨਿਯੁਕਤੀ ਨੂੰ ਲੈ ਕੇ ਵੀ ਸਰਕਾਰ 'ਤੇ ਸਿੱਧਾ ਨਿਸ਼ਾਨਾ ਸਾਧਿਆ। ਇਸ ਮੌਕੇ ਸਿੱਧੂ ਨੇ ਇਹ ਤਕ ਆਖ ਦਿੱਤਾ ਕਿ ਉਨ੍ਹਾਂ ਪ੍ਰਧਾਨਗੀ ਦੇ ਅਹੁਦੇ ਤੋਂ ਦਿੱਤਾ ਅਸਤੀਫ਼ਾ ਵਾਪਸ ਲੈ ਲਿਆ ਹੈ ਪਰ ਉਹ ਕਾਰਜ ਭਾਰ ਉਦੋਂ ਹੀ ਸੰਭਾਲਣਗੇ ਜਦੋਂ ਏ. ਜੀ. ਬਦਲਿਆ ਜਾਵੇਗਾ। ਉਨ੍ਹਾਂ ਕਿਹਾ ਕਿ ਪੰਜਾਬ ਦੇ ਲੋਕਾਂ ਦਾ ਸਭ ਤੋਂ ਵੱਡਾ ਸਵਾਲ ਹੈ ਕਿ ਸੁਰੱਖਿਆ ਕਵਚ ਦੇਣ ਵਾਲੇ ਫ਼ੈਸਲਾ ਕਿਵੇਂ ਕਰਨਗੇ। ਪਹਿਲਾਂ ਕਿਹਾ ਜਾਂਦਾ ਹੈ ਕਿ ਡੀ. ਜੀ. ਪੀ. ਅਤੇ ਐਡਵੋਕੇਟ ਜਨਰਲ ਬਾਦਲ ਲਗਾਉਂਦੇ ਹਨ। ਹੁਣ ਕੌਣ ਲਗਾ ਰਿਹਾ ਹੈ ? ਇਨ੍ਹਾਂ ਫ਼ੈਸਲਿਆਂ ਨੇ 3 ਕਰੋੜ ਪੰਜਾਬੀਆਂ ਦੇ ਵਿਸ਼ਵਾਸ ਨੂੰ ਠੇਸ ਪਹੁੰਚਾਈ ਹੈ। ਸਿੱਧੂ ਨੇ ਕਿਹਾ ਕਿ ਜਦੋਂ ਇੱਕ ਮੁੱਖ ਮੰਤਰੀ ਉਤਰਿਆ ਤਾਂ ਦੂਜਾ ਬਣਿਆ ਪਰ 5 ਸੂਤਰੀ ਏਜੰਡੇ ਵਿੱਚ ਬੇਅਦਬੀ ਅਤੇ ਨਸ਼ਾ ਵਰਗੇ 2 ਮੁੱਦੇ ਅਹਿਮ ਮੁੱਦੇ ਕਾਇਮ ਹਨ। ਹੁਣ ਤਾਂ ਪਹਿਲਾਂ ਵਾਲਾ ਮੁੱਖ ਮੰਤਰੀ ਵੀ ਨਹੀਂ ਹੈ ਤਾਂ ਹੁਣ ਕੌਣ ਰੋਕ ਰਿਹਾ ਹੈ। ਹੁਣ ਤਾਂ 50 ਦਿਨ ਵੀ ਹੋ ਗਏ।

# 'ਚਿੱਟੇ' ਨੇ ਨਿਗਲੀ ਇੱਕ ਹੋਰ ਨੌਜਵਾਨ ਦੀ ਜ਼ਿੰਦਗੀ, 2 ਦਿਨਾਂ ਤਕ ਦੋਸਤ ਦੇ ਕਮਰੇ 'ਚ ਪਈ ਰਹੀ ਲਾਸ਼

ਲੁਧਿਆਣਾ - ਇੱਕ ਪਾਸੇ ਸਰਕਾਰ ਅਤੇ ਪੁਲੀਸ ਪ੍ਰਸ਼ਾਸ਼ਨ ਵਲੋਂ ਨਸ਼ਿਆਂ ਦੇ ਕੋਹੜ ਨੂੰ ਠੱਲ੍ਹ ਪਾਉਣ ਦੇ ਦਾਅਵੇ ਕੀਤੇ ਜਾਂਦੇ ਹਨ, ਉੱਥੇ ਹੀ ਦੂਜੇ ਪਾਸੇ ਪੰਜਾਬ ਦੇ ਘਰਾਂ 'ਚ ਸੱਥਰ ਵਿਛਾਉਣ ਵਾਲੇ 'ਚਿੱਟੇ' ਦੀ ਓਵਰਡੋਜ਼ ਨਾਲ ਨੌਜਵਾਨਾਂ ਦੀਆਂ ਜ਼ਿੰਦਗੀਆਂ ਖ਼ਤਮ ਹੋਣ ਦਾ ਸਿਲਸਿਲਾ ਬਾਦਸਤੂਰ ਜਾਰੀ ਹੈ। ਅਜਿਹਾ ਹੀ ਇੱਕ ਮਾਮਲਾ ਥਾਣਾ ਜਮਾਲਪੁਰ ਅਧੀਨ ਆਉਂਦੀ ਸਰਪੰਚ ਕਾਲੋਨੀ 'ਚ ਸਾਹਮਣੇ ਆਇਆ ਹੈ, ਜਿੱਥੇ ਨਸ਼ੇ ਦੀ ਕਥਿਤ ਓਵਰਡੋਜ਼ ਨਾਲ ਮਰੇ ਇੱਕ ਨੌਜਵਾਨ ਦੀ ਲਾਸ਼ ਕਰੀਬ ਕੁਝ ਦਿਨ ਤਕ ਉਸ ਦੇ ਦੋਸਤ ਦੇ ਕਮਰੇ 'ਚ ਪਈ ਰਹੀ। ਜਦੋਂ ਕੁਝ ਦਿਨ ਤੱਕ ਨੌਜਵਾਨ ਘਰ ਨਾ ਪਹੁੰਚਿਆ ਤਾਂ ਪਰਿਵਾਰ ਉਸ ਦੀ ਭਾਲ ਕਰਦਾ ਹੋਇਆ ਉਸ ਦੇ ਦੋਸਤ ਦੇ ਘਰ ਤੱਕ ਪਹੁੰਚਿਆ। ਇੱਥੇ ਥਾਣਾ ਪੁਲੀਸ ਨੇ ਕਮਰੇ ਦਾ ਤਾਲਾ ਤੁੜਵਾ ਕੇ ਲਾਸ਼ ਨੂੰ ਕਬਜ਼ੇ 'ਚ ਲਿਆ। ਫ਼ਿਲਹਾਲ ਪੁਲੀਸ ਨੇ ਮ੍ਰਿਤਕ ਦੀ ਲਾਸ਼ ਨੂੰ ਕਬਜ਼ੇ 'ਚ ਲੈ ਕੇ ਪੋਸਟ ਮਾਰਟਮ ਲਈ ਸਿਵਲ ਹਸਪਤਾਲ 'ਚ ਰਖਵਾਇਆ ਹੈ। ਮ੍ਰਿਤਕ ਨੌਜਵਾਨ ਦੀ ਪਛਾਣ ਪੰਕਜ ਕੁਮਾਰ ਪੁੱਤਰ ਸੁਰਿੰਦਰ ਕੁਮਾਰ ਵਾਸੀ ਲਹਿਰੀ ਨਗਰ, ਮੂੰਡੀਆਂ ਖੁਰਦ, ਲੁਧਿਆਣਾ ਦੇ ਰੂਪ 'ਚ ਹੋਈ ਹੈ। ਮਾਮਲੇ ਦੀ ਜਾਂਚ ਕਰ ਰਹੇ ਸਹਾਇੱਕ ਥਾਣੇਦਾਰ ਸੁਰਜੀਤ ਸਿੰਘ ਨੇ ਦੱਸਿਆ ਕਿ ਮ੍ਰਿਤਕ ਦੇ ਪਰਿਵਾਰ ਦੇ ਦੱਸਣ ਅਨੁਸਾਰ ਪੰਕਜ ਪਿਛਲੇ ਕਰੀਬ 3-4 ਸਾਲਾਂ ਤੋਂ ਨਸ਼ੇ ਕਰਨ ਦਾ ਆਦੀ ਸੀ। ਦੀਵਾਲੀ ਤੋਂ ਇੱਕ ਦਿਨ ਪਹਿਲਾਂ ਪੰਕਜ ਸਰਪੰਚ ਕਾਲੋਨੀ 'ਚ ਕਿਰਾਏ 'ਤੇ ਪਰਿਵਾਰ ਸਮੇਤ ਰਹਿੰਦੇ ਆਪਣੇ ਦੋਸਤ ਪ੍ਰਭਜੋਤ ਦੇ ਘਰ ਚਲਾ ਗਿਆ, ਜਿੱਥੇ ਪ੍ਰਭਜੋਤ ਦੇ ਦੱਸਣ ਅਨੁਸਾਰ ਉਹ ਚਿੱਟੇ ਦੇ ਨਸ਼ੇ ਦੀਆਂ ਦੋ ਬਿੱਟ ਖਰੀਦ ਕੇ ਲਿਆਏ। ਦੋਵਾਂ ਨੇ ਇੰਜੈਕਸ਼ਨ ਨਾਲ ਨਸ਼ਾ ਲਿਆ। ਇਸ ਤੋਂ ਬਾਅਦ ਉਹ ਪ੍ਰਭਜੋਤ ਦੇ ਕਮਰੇ 'ਚ ਬੈਠ ਗਏ, ਜਿੱਥੇ ਪੰਕਜ ਦੀ ਹਾਲਤ ਕਾਫ਼ੀ ਵਿਗੜ ਗਈ ਅਤੇ ਉਹ ਉੱਥੇ ਹੀ ਜ਼ਮੀਨ 'ਤੇ ਡਿੱਗ ਗਿਆ, ਜਿਸ ਤੋਂ ਬਾਅਦ ਡਰ ਕਾਰਨ ਪ੍ਰਭਜੋਤ ਕਮਰੇ ਨੂੰ ਤਾਲਾ ਲਗਾ ਕੇ ਕਿਧਰੇ ਚਲਾ ਗਿਆ।

# ਰੰਧਾਵਾ ਦੇ ਜਵਾਈ ਦੀ ਵਧੀਕ ਏਜੀ ਵਜੋਂ ਨਿਯੁਕਤੀ ਦਾ 'ਆਪ' ਵੱਲੋਂ ਵਿਰੋਧ



ਚੰਡੀਗੜ੍ਹ/ਅੰਮ੍ਰਿਤਸਰ-ਆਮ ਆਦਮੀ ਪਾਰਟੀ ਨੇ ਸੂਬੇ ਦੇ ਉਪ ਮੁੱਖ ਮੰਤਰੀ ਦੇ ਜਵਾਈ ਦੀ ਵਧੀਕ ਐਡਵੋਕੇਟ ਜਨਰਲ ਦੇ ਅਹੁਦੇ 'ਤੇ ਕੀਤੀ ਗਈ ਨਿਯੁਕਤੀ 'ਤੇ ਇਤਰਾਜ ਪ੍ਰਗਟਾਇਆ ਹੈ ਅਤੇ ਕਿਹਾ ਕਿ ਸਰਕਾਰ ਨੂੰ ਇਹ ਨਿਯੁਕਤੀ ਕਰਨ ਸਮੇਂ ਸੂਬੇ ਦੇ ਲੱਖਾਂ ਬੇਰੁਜ਼ਗਾਰਾਂ ਦੀ ਯਾਦ ਕਿਉਂ ਨਹੀਂ ਆਈ। ਇਹ ਪ੍ਰਗਟਾਵਾ ਆਮ ਆਦਮੀ ਪਾਰਟੀ ਦੇ ਕੌਮੀ ਬੁਲਾਰੇ ਅਤੇ ਪੰਜਾਬ ਮਾਮਲਿਆਂ ਦੇ ਸਹਿ ਇੰਚਾਰਜ ਵਿਧਾਇਕ ਰਾਘਵ ਚੱਢਾ ਨੇ ਕੀਤਾ ਹੈ। ਉਹ ਅੰਮ੍ਰਿਤਸਰ ਦੇ ਰਾਮ ਤੀਰਥ ਮੰਦਿਰ ਵਿਖੇ ਮੱਥਾ ਟੇਕਣ ਲਈ ਆਏ ਸਨ। ਜਕਿਰਯੋਗ ਹੈ ਕਿ ਉਪ ਮੁੱਖ ਮੰਤਰੀ ਸੁਖਜਿੰਦਰ ਸਿੰਘ ਰੰਧਾਵਾ ਦੇ ਜਵਾਈ ਤਰੁਣਬੀਰ ਸਿੰਘ ਲਹਿਲ ਨੂੰ ਐਡੀਸ਼ਨਲ ਐਡਵੋਕੇਟ ਜਨਰਲ (ਏਏਜੀ) ਨਿਯੁਕਤ ਕੀਤਾ ਗਿਆ ਹੈ। ਇਸ ਮੌਕੇ ਮੀਡੀਆ ਨਾਲ ਗੱਲ ਕਰਦਿਆਂ ਉਨ੍ਹਾਂ ਦੋਸ਼ ਲਾਇਆ ਕਿ ਪੰਜਾਬ ਦੀ ਕਾਂਗਰਸ ਸਰਕਾਰ ਘਰ-ਘਰ ਰੁਜ਼ਗਾਰ ਦੇਣ ਦੇ ਵਾਅਦੇ ਨੂੰ ਆਪਣੇ ਮੰਤਰੀਆਂ ਤੇ ਵਿਧਾਇੱਕਾਂ ਲਈ ਨਿਯਮਾਂ ਵਿੱਚ ਵਿਸ਼ੇਸ਼ ਤਬਦੀਲੀਆਂ ਕਰਕੇ ਪੂਰਾ ਕਰ ਰਹੀ ਹੈ। ਉਨ੍ਹਾਂ ਕਿਹਾ ਕਿ ਇਸ ਦੀ ਤਾਜ਼ਾ ਮਿਸਾਲ ਉਪ ਮੁੱਖ ਮੰਤਰੀ ਸੁਖਜਿੰਦਰ ਸਿੰਘ ਰੰਧਾਵਾ ਦੇ ਜਵਾਈ ਦੀ ਵਧੀਕ ਐਡਵੋਕੇਟ ਜਨਰਲ ਦੇ ਅਹੁਦੇ 'ਤੇ ਕੀਤੀ ਗਈ ਨਿਯੁਕਤੀ ਹੈ। ਉਨ੍ਹਾਂ ਦੋਸ਼ ਲਾਇਆ ਕਿ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਵੀ ਸਾਬਕਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਦੇ ਨਕਸ਼ੇ ਕਦਮਾਂ 'ਤੇ ਚੱਲ ਰਹੇ ਹਨ। ਉਨ੍ਹਾਂ ਦੋਸ਼ ਲਾਇਆ ਕਿ ਕਾਂਗਰਸ ਸਰਕਾਰ ਪੰਜਾਬ ਦੇ ਲੋਕਾਂ ਨਾਲ ਧੋਖਾ ਕਰ ਰਹੀ ਹੈ। ਘਰ-ਘਰ ਰੁਜ਼ਗਾਰ ਮੁਹਿੰਮ ਪੰਜਾਬ ਦੇ ਤਿੰਨ ਕਰੋੜ ਲੋਕਾਂ ਲਈ ਝੂਠੀ ਸਿੱਧ ਹੋਈ ਹੈ ਪਰ ਸੱਤਾਧਾਰੀ ਕਾਂਗਰਸ ਦੇ ਆਗੂਆਂ ਲਈ ਵਰਦਾਨ ਸਾਬਿਤ ਹੋਈ ਹੈ। ਉਨ੍ਹਾਂ ਕਿਹਾ ਕਿ ਕੈਪਟਨ ਸਰਕਾਰ ਵਾਂਗ ਹੀ ਚੰਨੀ ਸਰਕਾਰ ਨੇ ਵੀ ਆਪਣੇ ਆਗੂਆਂ ਦੇ ਰਿਸ਼ਤੇਦਾਰਾਂ ਨੂੰ ਸਰਕਾਰੀ ਨੌਕਰੀਆਂ ਦੇਣੀਆਂ ਸ਼ੁਰੂ ਕਰ ਦਿੱਤੀਆਂ ਹਨ।

# ਭੱਲਾ ਨੇ ਹੋਬੋਕੇਨ ਨਿਊ ਜਰਸੀ 'ਚ ਦੂਜੀ ਵਾਰੀ ਜਿੱਤ ਹਾਸਲ ਕੀਤੀ

ਨਿਊ ਜਰਸੀ-ਹੋਬੋਕੇਨ, ਨਿਊ ਜਰਸੀ ਦੇ ਮੇਅਰ ਰਵੀ ਭੱਲਾ ਨੇ ਦੂਜੀ ਵਾਰ ਜਿੱਤ ਹਾਸਲ ਕੀਤੀ। ਹੋਬੋਕੇਨ, ਨਿਊ ਜਰਸੀ ਦੇ ਮੇਅਰ ਰਵੀ ਭੱਲਾ ਨੂੰ 2 ਨਵੰਬਰ ਨੂੰ ਆਪਣੇ ਦੂਜੇ ਕਾਰਜਕਾਲ ਲਈ ਜਨਤਾ ਵਲੋ ਦੁਬਾਰਾ ਚੁਣਿਆ ਗਿਆ ਹੈ। ਭਾਰਤੀ ਅਮਰੀਕੀ ਅਧਿਕਾਰੀ ਰਵੀ ਭੱਲਾ ਨੂੰ ਇੱਥੇ ਚੋਣ ਵਾਲੇ ਦਿਨ ਆਪਣੀ ਪਤਨੀ ਨਨਵੀਤ ਕੋਰ ਉਸ ਦੀ ਧੀ ਅਰਜਾ ਅਤੇ ਪੁੱਤਰ ਸਬੇਗ ਨਾਲ ਦਿਖਾਇਆ ਗਿਆ ਹੈ। ਇੱਕ ਨਿਰਵਿਰੋਧ ਦੌੜ 'ਚ ਹੋਬੋਕੇਨ, ਨਿਊ ਜਰਸੀ ਦੇ ਮੇਅਰ ਰਵੀ ਭੱਲਾ ਨੇ 2 ਨਵੰਬਰ ਦੀ ਸਾਮ ਨੂੰ ਆਪਣਾ ਦੂਜਾ ਕਾਰਜ ਕਾਲ ਜਿੱਤ ਲਿਆ।



ਭੱਲਾ ਨੂੰ ਨਿਊ ਜਰਸੀ 'ਚ ਸਿੱਧੇ ਤੌਰ 'ਤੇ ਅਹੁਦੇ ਲਈ ਚੁਣੇ ਗਏ ਪਹਿਲੇ ਸਿੱਖ ਅਮਰੀਕੀ ਹੋਣ ਦਾ ਮਾਣ ਪ੍ਰਾਪਤ ਹੋਇਆ ਹੈ। ਉਸ ਨੇ ਹੋਬੋਕੇਨ ਸਿਟੀ ਕਾਉਂਸਲ 'ਤੇ 3 ਵਾਰ ਸੇਵਾ ਕੀਤੀ ਅਤੇ ਫ਼ਿਰ 2017 'ਚ ਮੇਅਰ ਦੀ ਸੀਟ ਲਈ 6 ਹੋਰਾਂ ਦੀ ਭੀੜ ਵਾਲੀ ਟਿਕਟ ਤੋਂ ਜੇਤੂ ਹੋਇਆ ਸੀ। ਭੱਲਾ ਨੇ ਉਸ ਸਾਲ ਸਾਬਕਾ ਮੇਅਰ ਡਾਨ ਜਮਿਰ ਦੀ ਹਮਾਇਤ ਹਾਸਲ ਕਰ ਕੇ ਆਪਣੀ ਜਿੱਤ ਹਾਸਲ ਕੀਤੀ। ਭੱਲਾ ਸਿਟੀ ਕਾਉਂਸਿਲ ਲਈ ਚੋਣ ਲੜ ਰਹੇ 3 ਲੋਕਾਂ ਜਿੰਨਾਂ 'ਚ ਜਿਮ ਡੋਇਲ, ਐਮਿਲੀ ਜੱਬੋਰ ਅਤੇ ਜੋਏ ਕੁਇੰਟੇਰੋ ਨਾਲ ਸਲੇਟ 'ਤੇ ਦੌੜਿਆ।

ਤਿੰਨੋਂ ਸਿਟੀ ਕੌਂਸਲ ਦੇ ਉਮੀਦਵਾਰਾਂ ਨੇ ਵੀ ਆਪਣੀਆਂ ਸੀਟਾਂ ਜਿੱਤੀਆਂ। ਮੈਨਹੱਟਨ, ਨਿਊ ਯੌਰਕ ਤੋਂ ਨਦੀ ਦੇ ਪਾਰ ਹੋਬੋਕੇਨ ਦਾ ਕਸਬਾ 55,000 ਦੇ ਵਸਨੀਕਾਂ ਦੇ ਨਾਲ ਇੱਕ ਵਰਗ ਮੀਲ ਦਾ ਹੈ। ਖੇਤਰ ਦੀ ਸਭ ਤੋਂ ਵੱਡੀ ਚਿੰਤਾ ਹੜ੍ਹਾਂ ਨਾਲ ਹੋਣ ਵਾਲੇ ਨੁਕਸਾਨਾਂ 'ਚੋਂ ਇੱਕ ਹੈ। ਹੋਬੋਕੇਨ ਦੇ 79 ਪ੍ਰਤੀਸ਼ਤ ਨਿਵਾਸੀ ਫ਼ੇਮਾ ਦੇ ਨਵੇਂ "ਤੱਟਵਰਤੀ ਉੱਚ ਖ਼ਤਰੇ" ਜ਼ੋਨ 'ਚ ਆਉਂਦੇ ਹਨ। ਜਦੋਂ ਭੱਲਾ ਨੇ ਸਿਟੀ ਕੌਂਸਲ 'ਚ ਪੂਰੀ ਸੇਵਾ ਕੀਤੀ, ਉਸ ਨੇ ਹੋਬੋਕੇਨ ਦੀ 8 ਏਕੜ ਵਾਧੂ ਹਰੀ ਥਾਂ ਹਾਸਲ ਕਰਨ ਵਿੱਚ ਮਦਦ ਕੀਤੀ, ਕੁਝ ਉੱਘੇ ਡੋਮੇਨ ਦੁਆਰਾ, ਇੱਕ ਨਵੀਂ ਯੋਜਨਾ ਦੇ ਜ਼ਰੀਏ, ਸ਼ਹਿਰ ਦੇ ਪਾਰਕ ਦੇ ਹੇਠਾਂ ਤੂਫ਼ਾਨ ਦੇ ਪਾਣੀ ਦੇ ਭੰਡਾਰਨ ਵਾਲੇ ਟੈਂਕਾਂ ਨੂੰ ਸ਼ਾਮਲ ਕੀਤਾ ਜੋ 500 ਮਿਲੀਅਨ ਗੈਲਨ ਤਕ ਦਾ ਪਾਣੀ ਸਟੋਰ ਕਰਦਾ ਹੈ।

# ਫ਼ਰੀਦਕੋਟ 'ਚ ਕਿਸਾਨਾਂ ਨੇ ਫ਼ਿਲਮ ਸੂਰਿਆਵੰਸ਼ੀ ਦੇ ਪੋਸਟਰ ਸਾੜੇ

ਫ਼ਰੀਦਕੋਟ-ਬੌਲੀਵੁੱਡ ਅਦਾਕਾਰ ਅਕਸ਼ੈ ਕੁਮਾਰ ਅਤੇ ਕੰਗਨਾ ਰਣੌਤ ਦੀ ਹਿੰਦੀ ਫ਼ਿਲਮ ਸੂਰਿਆਵੰਸ਼ੀ ਦਾ ਕਿਸਾਨਾਂ ਨੇ ਇੱਥੇ ਡੱਟ ਕੇ ਵਿਰੋਧ ਕੀਤਾ। ਕਿਸਾਨਾਂ ਨੇ ਐਲਾਨ ਕੀਤਾ ਕਿ ਅਕਸ਼ੈ ਕੁਮਾਰ ਅਤੇ ਕੰਗਨਾ ਰਣੌਤ ਦੀ ਫ਼ਿਲਮ ਨੂੰ ਪੰਜਾਬ ਵਿੱਚ ਨਹੀਂ ਚੱਲਣ



ਦਿੱਤਾ ਜਾਵੇਗਾ ਕਿਉਂਕਿ ਉਹ ਕਿਸਾਨ ਵਿਰੋਧੀ ਭਾਜਪਾ ਦੇ ਇਸ਼ਾਰਿਆਂ 'ਤੇ ਚੱਲ ਰਹੇ ਹਨ ਅਤੇ ਇਨ੍ਹਾਂ ਅਦਾਕਾਰਾਂ ਨੇ ਕਿਸਾਨੀ ਅੰਦੋਲਨ ਨੂੰ ਅਸਫ਼ਲ ਬਣਾਉਣ ਲਈ ਘਿਨਾਉਣੀਆਂ ਹਰਕਤਾਂ ਕੀਤੀਆਂ ਅਤੇ ਇਸ ਦੇ ਨਾਲ ਹੀ ਕਿਸਾਨਾਂ ਨੂੰ ਬਦਨਾਮ ਕਰਨ ਲਈ ਸਾਜ਼ਿਸ਼ਾਂ ਰਚੀਆਂ। ਭਾਰਤੀ ਕਿਸਾਨ ਯੂਨੀਅਨ ਕਾਦੀਆਂ ਦੇ ਸੂਬਾ ਆਗੂ ਗੁਰਮੀਤ ਸਿੰਘ ਗੋਲੇਵਾਲਾ ਅਤੇ ਜ਼ਿਲ੍ਹਾ ਪ੍ਰਧਾਨ ਰੁਪਿੰਦਰ ਸਿੰਘ ਰੁਪਈਆਂਵਾਲਾ ਨੇ ਕਿਹਾ ਕਿ ਉਨ੍ਹਾਂ ਨੇ ਰੋਸ ਵਜੋਂ ਹਿੰਦੀ ਫ਼ਿਲਮ ਦੇ ਪੋਸਟਰ ਸਾੜੇ ਹਨ ਅਤੇ ਨਾਲ ਹੀ ਸਿਨੇਮਾ ਮਾਲਕਾਂ ਨੂੰ ਅਪੀਲ ਕੀਤੀ ਹੈ ਕਿ ਉਹ ਕਿਸਾਨ ਅਤੇ ਦੇਸ਼ ਵਿਰੋਧੀ ਅਕਸ਼ੈ ਕੁਮਾਰ ਅਤੇ ਕੰਗਨਾ ਰਣੌਤ ਦੀ ਫ਼ਿਲਮ ਨੂੰ ਆਪਣੇ ਸਿਨੇਮਾ ਘਰਾਂ ਵਿੱਚ ਨਾ ਚਲਾਉਣ। ਜ਼ਿਲ੍ਹਾ ਪੁਲੀਸ ਮੁਖੀ ਵਰੁਣ ਕੁਮਾਰ ਨੇ ਕਿਹਾ ਕਿ ਕਿਸਾਨਾਂ ਨੇ ਫ਼ਰੀਦਕੋਟ ਸ਼ਹਿਰ ਦੇ ਗਿੱਲ ਮਲਟੀਪਲੈਕਸ ਸਿਨੇਮਾ ਦੇ ਬਾਹਰ ਆਪਣਾ ਸ਼ਾਂਤਮਈ ਰੋਸ ਜਤਾਇਆ ਹੈ। ਇਸ ਲਈ ਇਸ ਮਾਮਲੇ ਵਿੱਚ ਪੁਲੀਸ ਨੇ ਕਿਸੇ ਤਰ੍ਹਾਂ ਦੀ ਕੋਈ ਕਾਰਵਾਈ ਨਹੀਂ ਕੀਤੀ। ਇਸੇ ਤਰ੍ਹਾਂ ਫ਼ਰੀਦਕੋਟ ਦੇ ਕੁਝ ਨੌਜਵਾਨਾਂ ਨੇ ਵੀ ਕਿਸਾਨਾਂ ਦੇ ਹੱਕ ਵਿੱਚ ਨਿੱਤਰਦਿਆਂ ਅਕਸ਼ੈ ਕੁਮਾਰ ਦੀ ਫ਼ਿਲਮ ਦੇ ਪੋਸਟਰ ਪਾੜੇ। ਅਰਮਾਨਦੀਪ ਸਿੰਘ ਵਾਸੀ ਫ਼ਰੀਦਕੋਟ ਨੇ ਕਿਹਾ ਕਿ ਉਹ ਅਕਸ਼ੈ ਕੁਮਾਰ ਦੀ ਫ਼ਿਲਮ ਨਾ ਤਾਂ ਵੇਖਣਗੇ ਅਤੇ ਨਾ ਹੀ ਚੱਲਣ ਦੇਣਗੇ। ਕਿਸਾਨ ਆਗੂ ਨੇ ਕਿਹਾ ਕਿ ਉਨ੍ਹਾਂ ਨੇ ਅਕਸ਼ੈ ਕੁਮਾਰ ਦੀ ਸਿੰਘ ਇਜ ਬਲਿੰਗ ਅਤੇ ਸਿੰਘ ਇਜ਼ ਕਿੰਗ ਵਰਗੀਆਂ ਫ਼ਿਲਮਾਂ ਨੂੰ ਬਹੁਤ ਸਨਮਾਨ ਦਿੱਤਾ ਸੀ, ਇਸ ਦੇ ਬਾਵਜੂਦ ਇਸ ਅਦਾਕਾਰ ਨੇ ਲੋਕ ਵਿਰੋਧੀ ਹੋਣ ਦਾ ਸਬੂਤ ਦਿੱਤਾ।

# ਕਾਂਗਰਸ ਨੇ ਬੇਅਦਬੀ ਮਾਮਲੇ ਦਾ ਕੀਤਾ ਸਿਆਸੀਕਰਨ: ਬੀਬੀ ਜਗੀਰ ਕੌਰ

ਸ੍ਰੀ ਆਨੰਦਪੁਰ ਸਾਹਿਬ - ਕਰਤਾਰਪੁਰ ਸਾਹਿਬ ਦਾ ਲਾਂਘਾ ਖੋਲ੍ਹਣ ਲਈ ਜਦੋਂ ਪਾਕਿਸਤਾਨ ਦੀ ਸਰਕਾਰ ਨੂੰ ਕੋਈ ਇਤਰਾਜ਼ ਨਹੀਂ ਹੈ ਤਾਂ ਭਾਰਤ ਦੀ ਮੋਦੀ ਸਰਕਾਰ ਨੂੰ ਤਕਲੀਫ਼ ਕਿਉਂ ਹੈ। ਇਨ੍ਹਾਂ ਸ਼ਬਦਾਂ ਦਾ ਪ੍ਰਗਟਾਵਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਪ੍ਰਧਾਨ ਬੀਬੀ ਜਗੀਰ ਕੌਰ ਨੇ ਬੀਤੇ ਦਿਨ ਸ੍ਰੀ ਆਨੰਦਪੁਰ ਸਾਹਿਬ ਵਿਖੇ ਕੀਤੀ ਪ੍ਰੈੱਸ ਕਾਨਫ਼ਰੰਸ ਦੌਰਾਨ ਕੀਤਾ।



ਬੀਬੀ ਜਗੀਰ ਕੌਰ ਨੇ ਗੱਲਬਾਤ ਕਰਦਿਆਂ ਅੱਗੇ ਕਿਹਾ ਕਿ ਸ਼੍ਰੋਮਣੀ ਕਮੇਟੀ ਵੱਲੋਂ ਸਿੱਖਾਂ ਦੇ ਲਟਕੇ ਹੋਏ ਮੁੱਦਿਆਂ ਸਬੰਧੀ ਮੋਦੀ ਸਰਕਾਰ ਤੋਂ ਕਈ ਵਾਰ ਸਮਾਂ ਮੰਗਿਆ ਜਾ ਚੁੱਕਾ ਹੈ ਅਤੇ ਇਸ ਸਬੰਧੀ ਹਰੇਕ ਮਹੀਨੇ ਚਿੱਠੀ ਵੀ ਲਿਖੀ ਜਾਂਦੀ ਹੈ ਪਰ ਕੇਂਦਰ ਸਰਕਾਰ ਵੱਲੋਂ ਇਸ ਵੱਲ ਕੋਈ ਧਿਆਨ ਨਹੀਂ ਦਿੱਤਾ ਜਾ ਰਿਹਾ ਜੋ ਕਿ ਸਿੱਖਾਂ ਨਾਲ ਬਹੁਤ ਵੱਡੀ ਬੇਇਨਸਾਫ਼ੀ ਹੈ। ਉਨ੍ਹਾਂ ਕਿਹਾ ਕਿ ਕਰਤਾਰਪੁਰ ਸਾਹਿਬ ਦਾ ਲਾਂਘਾ ਖੋਲ੍ਹਿਆ ਜਾਣਾ ਚਾਹੀਦਾ ਹੈ ਪਰ ਕੇਂਦਰ ਸਰਕਾਰ ਜਾਣ ਬੁੱਝ ਕੇ ਇਸ ਨੂੰ ਲਮਕਾ ਰਹੀ ਹੈ, ਜਿਸ ਨਾਲ ਕੇਂਦਰ ਸਰਕਾਰ ਦੀ ਗੰਭੀਰਤਾਂ ਨਾ ਹੋਣੀ ਸਪੱਸਟ ਹੁੰਦੀ ਹੈ। ਉਨ੍ਹਾਂ ਕਿਹਾ ਕਿ ਕਾਂਗਰਸ ਸਰਕਾਰ ਦੇ ਪੌਣੇ ਪੰਜ ਸਾਲ ਪੂਰੇ ਹੋ ਚੁੱਕੇ ਹਨ ਅਤੇ ਜੁਗੋਜੁਗ ਅਟੱਲ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਬੇਅਦਬੀ ਮਾਮਲੇ ਦੇ ਦੋਸ਼ੀਆਂ ਖਲਿਾਫ਼ ਕੋਈ ਕਾਰਵਾਈ ਨਹੀ ਕੀਤੀ ਗਈ। ਹੋਰ ਤਾਂ ਹੋਰ ਇਸ ਮਾਮਲੇ ਦਾ ਕਾਂਗਰਸ ਨੇ ਸਿਆਸੀਕਰਨ ਕਰਕੇ ਸੰਗਤਾਂ ਨੂੰ ਗੁੰਮਰਾਹ ਕੀਤਾ ਹੈ। ਬੀਬੀ ਜਗੀਰ ਕੌਰ ਨੇ ਆਪਣੇ ਇੱਕ ਸਾਲ ਦਾ ਲੇਖਾ ਜ਼ੋਖਾ ਕਰਦਿਆਂ ਕਿਹਾ ਕਿ ਉਨ੍ਹਾਂ ਦੀ ਟੀਮ ਵਲੋਂ ਜਿੱਥੇ ਕੋਵਿਡ ਕਾਲ ਦੌਰਾਨ ਸੰਗਤ ਦੀ ਸੇਵਾ ਕੀਤੀ ਗਈ, ਉੱਥੇ ਹੀ ਕਿਸਾਨੀ ਮੋਰਚਾ, ਸਿੱਖਿਆ ਵਿੱਚ ਸੁਧਾਰ, ਨੌਵੇਂ ਪਾਤਸਾਹ ਸ੍ਰੀ ਗੁਰੂ ਤੇਗ ਬਹਾਦਰ ਜੀ ਦੇ ਸ਼ਤਾਬਦੀ ਸਮਾਗਮ, ਸ਼੍ਰੋਮਣੀ ਕਮੇਟੀ ਦਾ ਸ਼ਤਾਬਦੀ ਵਰ੍ਹਾ ਆਦਿ ਦੇ ਵੱਡੇ ਇਤਿਹਾਸਕ ਕਾਰਜ ਕੀਤੇ ਗਏ ਹਨ, ਜਿਸ ਨੂੰ ਹਮੇਸ਼ਾ ਯਾਦ ਰੱਖਿਆ ਜਾਵੇਗਾ। ਇਸ ਮੌਕੇ ਮੈਂਬਰ ਕਾਰਜਕਾਰਣੀ ਅਜਮੇਰ ਸਿੰਘ ਖੇੜਾ, ਮੈਂਬਰ ਸ਼੍ਰੋਮਣੀ ਕਮੇਟੀ ਭਾਈ ਅਮਰਜੀਤ ਸਿੰਘ ਚਾਵਲਾ ਅਤੇ ਪ੍ਰਿੰਸੀ: ਸੁਰਿੰਦਰ ਸਿੰਘ ਵੀ ਹਾਜਰ ਸਨ।

# ਰਕਾਬਗੰਜ ਸਾਹਿਬ ਦੇ ਗ੍ਰੰਥੀ ਦੇ ਪੁੱਤਰ ਜਸਕਰਨ ਸਿੰਘ ਨੂੰ ਸ਼ਰਧਾਂਜਲੀ ਭੇਟ

ਨਵੀਂ ਦਿੱਲੀ-ਬੀਤੇ ਦਿਨੀਂ ਕੁਝ ਸਮਾਜ ਵਿਰੋਧੀ ਅਨਸਰਾਂ ਵੱਲੋਂ ਖਿਆਲਾ ਵਿੱਚ ਬੇਰਹਿਮੀ ਨਾਲ ਕਤਲ ਕੀਤੇ ਗਏ ਰਕਾਬਗੰਜ ਸਾਹਿਬ ਦੇ ਗ੍ਰੰਥੀ ਭਾਈ ਜਰਨੈਲ ਸਿੰਘ ਦੇ ਪੁੱਤਰ ਜਸਕਰਨ ਸਿੰਘ ਨਮਿਤ ਅੰਤਿਮ ਅਰਦਾਸ ਅੱਜ ਗੁਰਦੁਆਰਾ ਸਿੰਘ ਸਭਾ ਚੰਦ ਨਗਰ, ਰਵੀ ਨਗਰ ਵਿੱਚ ਹੋਈ। ਇਸ ਮੌਕੇ ਜੁੜੀ ਸੰਗਤ ਨੂੰ ਸੰਬੋਧਨ ਕਰਦਿਆਂ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਮਨਜਿੰਦਰ ਸਿੰਘ ਸਿਰਸਾ ਨੇ ਕਿਹਾ ਕਿ ਜਿਸ ਬੇਰਹਿਮੀ ਨਾਲ ਜਸਕਰਨ ਸਿੰਘ ਦਾ ਪੱਥਰ ਅਤੇ ਸਿੱਲਾਂ ਮਾਰ ਕੇ ਕਤਲ ਕੀਤਾ ਗਿਆ, ਉਸਨੇ ਸਮੁੱਚੀ ਮਨੁੱਖਤਾ ਨੂੰ ਸ਼ਰਮਸਾਰ ਕਰ ਦਿੱਤਾ ਹੈ। ਉਨ੍ਹਾਂ ਕਿਹਾ ਕਿ ਇੱਕ ਨੌਜਵਾਨ ਜੋ ਬਹੁਤ ਚੰਗਾ ਗੁਰਸਿੱਖ ਸੀ ਤੇ ਜਿਸਦੀ ਕਿਸੇ ਨਾਲ ਵੀ ਕੋਈ ਦੁਸ਼ਮਣੀ ਨਹੀਂ ਸੀ, ਉਸਨੂੰ ਇਸ ਤਰੀਕੇ ਅਣਮਨੁੱਖੀ ਤਸ਼ੱਦਦ ਕੇ ਕਤਲ ਕਰਨਾ ਤੇ ਉਸਦੇ ਕਤਲ ਦੀ ਸੀਮਤ ਸੈਕਿੰਡਾਂ ਦੀ ਵੀਡੀਓ ਜਾਰੀ ਕਰਨ ਦਾ ਮਕਸਦ ਸਿੱਖ ਕੌਮ ਵਿੱਚ ਦਹਿਸ਼ਤ ਪੈਦਾ ਕਰਨਾ ਸੀ। ਉਨ੍ਹਾਂ ਦਾਅਵਾ ਕੀਤਾ ਕਿ ਕਤਲ ਵਿੱਚ ਦਰਜਨ ਤੋਂ ਵੱਧ ਵਿਅਕੀਤ ਸ਼ਾਮਲ ਸਨ ਪਰ ਜਾਣ



ਬੁੱਝ ਕੇ ਛੋਟੀ ਕਲਿੱਪ ਵਿੱਚ ਦੋ ਬੰਦੇ ਵਿਖਾਏ ਗਏ। ਉਨ੍ਹਾਂ ਕਿਹਾ ਕਿ ਇਸ ਸਾਰੇ ਕੇਸ ਨਾਲ ਸਬੰਧਤ ਠੋਸ ਸਬੂਤ ਇੱਕੱਤਰ ਕਰ ਲਏ ਹਨ। ਉਨ੍ਹਾਂ ਦੋਸ਼ ਲਾਇਆ ਕਿ ਭਾਵੇਂ ਸਥਾਨਕ ਐੱਸਐੱਚਓ ਤੇ ਡੀਸੀਪੀ ਵੱਲੋਂ ਉਨ੍ਹਾਂ ਟਰਕਾਇਆ ਜਾ ਰਿਹਾ ਸੀ ਪਰ ਹੁਣ ਪੁਲੀਸ ਉਨ੍ਹਾਂ ਦੇ ਸਖ਼ਤ ਰਵੱਈਏ ਤੋਂ ਮਜਬੂਰ ਹੋ ਗਈ ਹੈ ਤੇ ਹੁਣ ਤੱਕ 4 ਕਾਤਲ ਫ਼ੜ ਲਏ ਗਏ ਹਨ। ਉਨ੍ਹਾਂ ਕਿਹਾ ਕਿ ਇਹ ਯਕੀਨੀ ਬਣਾਵਾਂਗੇ ਕਿ ਸਾਰੇ ਕਾਤਲ ਜਲਦ ਤੋਂ ਜਲਦ ਸਲਾਖਾਂ ਪਿੱਛੇ ਹੋਣ ਤੇ ਇਹ ਵੀ ਯਕੀਨੀ ਬਣਾਵਾਂਗੇ ਕਿ ਉਹ ਸਾਰੇ ਜੇਲ੍ਹ ਵਿੱਚ ਸੜਨ ਤੇ ਉਨ੍ਹਾਂ ਦੀ ਕਦੇ ਵੀ ਜ਼ਮਾਨਤ ਨਾ ਹੋਵੇ। ਸਿਰਸਾ ਨੇ ਪਰਿਵਾਰ ਨੂੰ ਭਰੋਸਾ ਦੁਆਇਆ ਕਿ ਦਿੱਲੀ ਕਮੇਟੀ ਵੱਲੋਂ ਪੂਰੀ ਲੀਗਲ ਟੀਮ ਇਸ ਕੇਸ ਦੀ ਪੈਰਵਈ ਕਰ ਰਹੀ ਹੈ ਤੇ ਅਦਾਲਤਾਂ ਵਿੱਚ ਵੀ ਕਰੇਗੀ ਤੇ ਯਕੀਨੀ ਬਣਾਏਗੀ ਤੇ ਇਨ੍ਹਾਂ ਕਾਤਲਾਂ ਨੂੰ ਜ਼ਿੰਦਗੀ ਦੇ ਅੰਤ ਤੱਕ ਦੀ ਉਮਰ ਕੈਦ ਮਿਲੇ। ਇਸ ਮੌਕੇ ਕਮੇਟੀ ਦੇ ਮੈਂਬਰਾਂ ਤੋਂ ਇਲਾਵਾ ਸਥਾਨਕ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਤੇ ਹੋਰ ਅਹੁਦੇਦਾਰ ਤੇ ਪਰਿਵਾਰਕ ਰਿਸ਼ਤੇਦਾਰ ਤੇ ਨਜ਼ਦੀਕੀ ਵੀ ਸ਼ਾਮਲ ਸਨ।

Nlight
Solid like a Rock

# Looking to Buy/Sell ?

We know the difference between Home & House

## Honesty, Integrity & Experience



Specializing in Investment & Income Producing Real Estate

# Nlight Real Estate

## Tel:516 NLIGHT4





Since 2007

Sharanjit Singh Thind
Real Estate Broker/Notary Public

180 Broadway, PH 3A, Hicksville NY 11801
Email: homes@nlightrealestate.com
www.nlightrealestate.com

# ਭਾਰਤ ਵਿਚੋਂ ਕਾਲੇਧਨ ਦੇ ਵਿਦੇਸ਼ ਜਾਣ ਦਾ ਸਿਲਸਿਲਾ

ਇੰਟਰਨੈਸ਼ਨਲ ਕੰਸੋਰਟੀਅਮ ਆਫ ਇਨਵੈਸਟੀਗੇਟਿਵ ਜਰਨਲਿਸਟਸ ਦੁਆਰਾ ਹਾਲ ਹੀ ਵਿਚ ਪ੍ਰਕਾਸ਼ਿਤ ਪੈਂਡੋਰਾ ਪੇਪਰਜ਼ ਰਿਪੋਰਟ ਦੀ ਗੂੰਜ ਮੱਧਮ ਪੈਣ ਦਾ ਨਾਂ ਨਹੀਂ ਲੈ ਰਹੀ ਹੈ। ਇਹ ਰਿਪੋਰਟ ਲਗਪਗ 1.2 ਕਰੋੜ ਦਸਤਾਵੇਜ਼ਾਂ ਦੀ ਇਕ ਅਜਿਹੀ ਪੜਤਾਲ ਹੈ ਜਿਸ ਵਿਚ ਪਾਇਆ ਗਿਆ ਕਿ ਭਾਰਤ ਸਹਿਤ ਸਮੁੱਚੇ ਸੰਸਾਰ ਦੇ ਦੋ ਸੌ ਤੋਂ ਵੱਧ ਮੁਲਕਾਂ ਦੇ ਵੱਡੇ ਨੇਤਾਵਾਂ, ਅਰਬਪਤੀਆਂ ਅਤੇ ਮਸ਼ਹੂਰ ਹਸਤੀਆਂ ਨੇ ਵਿਦੇਸ਼ ਵਿਚ ਧਨ ਬਚਾਉਣ ਅਤੇ ਆਪਣੇ ਕਾਲੇਧਨ ਦੇ ਗੁਪਤ ਨਿਵੇਸ਼ ਲਈ ਕਿਸ ਤਰ੍ਹਾਂ ਟੈਕਸ ਪਨਾਹਗਾਹ ਦੇਸ਼ਾਂ ਬ੍ਰਿਟਿਸ਼ ਵਰਜਿਨ ਆਈਲੈਂਡ, ਸੇਸ਼ੇਲਜ਼, ਹਾਂਗਕਾਂਗ ਅਤੇ ਬੇਲੀਜ਼ ਆਦਿ ਵਿਚ ਲੁਕਾ ਕੇ ਸੁਰੱਖਿਅਤ ਕੀਤਾ ਹੋਇਆ ਹੈ।ਇਸ ਰਿਪੋਰਟ ਵਿਚ 300 ਤੋਂ ਵੱਧ ਭਾਰਤੀਆਂ ਦੇ ਨਾਂ ਵੀ ਸ਼ਾਮਲ ਹਨ। ਗ਼ੌਰਤਲਬ ਹੈ ਕਿ 2017 ਵਿਚ ਪੈਰਾਡਾਈਜ਼ ਪੇਪਰਜ਼ ਤਹਿਤ 1.34 ਕਰੋੜ ਤੋਂ ਵੱਧ ਖ਼ੁਫ਼ੀਆ ਇਲੈਕਟ੍ਰਾਨਿਕ ਦਸਤਾਵੇਜ਼ਾਂ ਜ਼ਰੀਏ 70 ਲੱਖ ਲੋਨ ਸਮਝੌਤੇ, ਵਿੱਤੀ ਵੇਰਵੇ, ਈ-ਮੇਲ ਅਤੇ ਟਰੱਸਟ ਡੀਡ ਲੀਕ ਕੀਤੇ ਸਨ। ਇਨ੍ਹਾਂ ਵਿਚ 714 ਭਾਰਤੀਆਂ ਦੇ ਨਾਮ ਉਜਾਗਰ ਹੋਏ ਸਨ। ਇਸ ਤੋਂ ਪਹਿਲਾਂ 2016 ਵਿਚ ਪਨਾਮਾ ਪੇਪਰਜ਼ ਤਹਿਤ 1 ਕਰੋੜ 15 ਲੱਖ ਸੰਵੇਦਨਸ਼ੀਲ ਵਿੱਤੀ ਦਸਤਾਵੇਜ਼ ਲੀਕ ਹੋਏ ਸਨ। ਇਸ ਵਿਚ 500 ਭਾਰਤੀਆਂ ਦੇ ਨਾਂ ਸਾਹਮਣੇ ਆਏ ਸਨ। ਵੱਖ-ਵੱਖ ਫਾਈਲਾਂ ਦੱਸਦੀਆਂ ਹਨ ਕਿ ਕਿਵੇਂ ਕੁਝ ਸਮਰੱਥ ਲੋਕ ਆਪਣੀ ਸੰਪਤੀ ਲੁਕਾਉਣ ਲਈ ਟੈਕਸ ਹੈਵਨ ਦੇਸ਼ਾਂ ਵਿਚ ਸਥਿਤ ਸ਼ੈੱਲ ਕੰਪਨੀਆਂ ਦਾ ਇਸਤੇਮਾਲ ਕਰਦੇ ਹਨ। ਟੈਕਸ ਹੈਵਨ ਦੇਸ਼ ਉਹ ਹੁੰਦੇ ਹਨ ਜਿੱਥੇ ਨਕਲੀ ਕੰਪਨੀਆਂ ਬਣਾਉਣਾ ਆਸਾਨ ਹੁੰਦਾ ਹੈ ਅਤੇ ਬਹੁਤ ਘੱਟ ਟੈਕਸ ਜਾਂ ਸਿਫ਼ਰ ਟੈਕਸ ਲੱਗਦਾ ਹੈ। ਇਨ੍ਹਾਂ ਦੇਸ਼ਾਂ ਵਿਚ ਅਜਿਹੇ ਕਾਨੂੰਨ ਹੁੰਦੇ ਹਨ ਜਿਨ੍ਹਾਂ ਸਦਕਾ ਕੰਪਨੀ ਦੇ ਮਾਲਕ ਦੀ ਪਛਾਣ ਦਾ ਪਤਾ ਲਗਾ ਸਕਣਾ ਮੁਸ਼ਕਲ ਹੋ ਜਾਂਦਾ ਹੈ। ਕਾਲਾਧਨ ਉਹ ਧਨ ਹੁੰਦਾ ਹੈ ਜਿਸ 'ਤੇ ਆਮਦਨ ਕਰ ਦੀ ਦੇਣਦਾਰੀ ਹੁੰਦੀ ਹੈ ਪਰ ਉਸ ਦੀ ਜਾਣਕਾਰੀ ਸਰਕਾਰ ਨੂੰ ਨਹੀਂ ਦਿੱਤੀ ਜਾਂਦੀ।

ਕਾਲੇਧਨ ਦਾ ਸਰੋਤ ਕਾਨੂੰਨੀ ਅਤੇ ਗ਼ੈਰ-ਕਾਨੂੰਨੀ, ਕੋਈ ਵੀ ਹੋ ਸਕਦਾ ਹੈ। ਇਸ ਵਿਚ ਫ਼ਰਕ ਕੀਤਾ ਜਾਣਾ ਚਾਹੀਦਾ ਹੈ। ਟੈਕਸ ਬਚਾਉਣ ਲਈ ਵਿਦੇਸ਼ ਵਿਚ ਜਮ੍ਹਾ ਕੀਤੇ ਜਾਣ ਵਾਲੇ ਧਨ ਅਤੇ ਗ਼ਲਤ ਤਰੀਕੇ ਨਾਲ ਕਮਾਏ ਗਏ ਧਨ ਨੂੰ ਵਿਦੇਸ਼ ਵਿਚ ਰੱਖਣ ਦੇ ਮਾਮਲੇ ਵਿਚ ਵੀ ਫ਼ਰਕ ਕਰਨਾ ਜ਼ਰੂਰੀ ਹੈ। ਇਹ ਧਿਆਨ ਰਹੇ ਕਿ ਡਰੱਗ ਟਰੇਡ, ਨਾਜਾਇਜ਼ ਹਥਿਆਰਾਂ ਦਾ ਵਪਾਰ, ਜਬਰਨ ਵਸੂਲੀ ਦਾ ਪੈਸਾ, ਫਿਰੌਤੀ ਅਤੇ ਸਾਈਬਰ ਅਪਰਾਧ ਤੋਂ ਕਮਾਇਆ ਗਿਆ ਪੈਸਾ ਵੀ ਸ਼ੈੱਲ ਕੰਪਨੀਆਂ ਵਿਚ ਸੁਰੱਖਿਅਤ ਕਰ ਦਿੱਤਾ ਜਾਂਦਾ ਹੈ ਤਾਂ ਕਿ ਇਹ ਕਾਲਾਧਨ ਆਪਣੇ ਦੇਸ਼ ਵਿਚ ਸਫ਼ੇਦ ਧਨ ਵਿਚ ਬਦਲ ਜਾਵੇ।ਵਿਕਾਸਸ਼ੀਲ ਮੁਲਕਾਂ ਤੋਂ ਬੇਈਮਾਨੀ ਦਾ ਪੈਸਾ ਬਾਹਰ ਜਾਣ ਦੀ ਰਫ਼ਤਾਰ ਤੇਜ਼ੀ ਨਾਲ ਵਧ ਰਹੀ ਹੈ ਅਤੇ ਇਸ ਦਾ ਵਿਕਾਸ ਉਤੇ ਬਹੁਤ ਮਾੜਾ ਅਸਰ ਪੈ ਰਿਹਾ ਹੈ। ਇਹ ਸਮਾਜ ਲਈ ਹਾਨੀਕਾਰਕ ਹੈ। ਵਿਦੇਸ਼ ਵਿਚ ਖ਼ੁਫ਼ੀਆ ਤਰੀਕੇ ਨਾਲ ਧਨ ਲੁਕਾ ਕੇ ਰੱਖਣ ਦਾ ਸਿੱਧਾ ਅਸਰ ਆਮ ਆਦਮੀ ਦੀ ਭਲਾਈ 'ਤੇ ਪੈਂਦਾ ਹੈ। ਉਸ ਨੂੰ ਸਰਕਾਰਾਂ ਵੱਲੋਂ ਮਿਲਣ ਵਾਲੀਆਂ ਸਹੂਲਤਾਂ ਵਿਚ ਕਟੌਤੀ ਦਾ ਸਾਹਮਣਾ ਕਰਨਾ ਪੈਂਦਾ ਹੈ ਜਾਂ ਉਹ ਦੇਣੀਆਂ ਹੀ ਬੰਦ ਕਰ ਦਿੱਤੀਆਂ ਜਾਂਦੀਆਂ ਹਨ। ਲਗਪਗ ਸਭ ਸਿਆਸੀ ਪਾਰਟੀਆਂ ਦਾ ਕਾਲੇਧਨ ਦੇ ਮੁੱਦੇ ਉਤੇ ਰੁਖ਼ ਇਕ ਸਮਾਨ ਹੈ। ਪੈਂਡੋਰਾ, ਪਨਾਮਾ ਅਤੇ ਪੈਰਾਡਾਈਜ਼ ਪੇਪਰਜ਼ ਲੀਕ ਵਰਗੇ ਮਾਮਲਿਆਂ ਵਿਚ ਕਈ ਮਸ਼ਹੂਰ ਭਾਰਤੀਆਂ ਦੇ ਨਾਮ ਉਜਾਗਰ ਹੋਣ ਨਾਲ ਕਾਲੇਧਨ ਨੂੰ ਦੇਸ਼ ਤੋਂ ਬਾਹਰ ਭੇਜੇ ਜਾਣ ਦੀ ਰਫ਼ਤਾਰ ਵਧ ਰਹੀ ਹੈ। ਭਾਰਤ ਵਿਚ ਕਾਲੇਧਨ 'ਤੇ ਬਹਿਸ ਦਹਾਕਿਆਂ ਪੁਰਾਣੀ ਹੈ। ਭਾਰਤੀਆਂ ਦੁਆਰਾ ਵਿਦੇਸ਼ੀ ਬੈਂਕਾਂ ਵਿਚ ਚੋਰੀ ਨਾਲ ਸਬੰਧਤ ਅਧਿਕਾਰਤ ਅੰਕੜੇ ਉਪਲਬਧ ਨਹੀਂ ਹਨ ਪਰ ਅਰਥ-ਸ਼ਾਸਤਰੀ ਆਰ. ਵੈਦਨਾਥਨ ਨੇ ਅਨੁਮਾਨ ਲਗਾਇਆ ਹੈ ਕਿ ਇਸ ਦੀ ਮਾਤਰਾ ਕਰੀਬ 72.8 ਲੱਖ ਕਰੋੜ ਰੁਪਏ ਹੈ। ਸਵਿੱਸ ਨੈਸ਼ਨਲ ਬੈਂਕ ਦੁਆਰਾ ਜਾਰੀ ਰਿਪੋਰਟ ਮੁਤਾਬਕ ਸਾਲ 2020 ਤਕ ਸਵਿੱਸ ਬੈਂਕਾਂ ਵਿਚ ਭਾਰਤੀ ਨਾਗਰਿਕਾਂ ਅਤੇ ਕੰਪਨੀਆਂ ਦਾ ਜਮ੍ਹਾ ਕਾਲਾਧਨ 20,700 ਕਰੋੜ ਰੁਪਏ ਤੋਂ ਜ਼ਿਆਦਾ ਹੈ। ਨੈਸ਼ਨਲ ਕੌਂਸਲ ਆਫ ਅਪਲਾਈਡ ਇਕਨੋਮਿਕ ਰਿਸਰਚ ਮੁਤਾਬਕ ਸਾਲ 1980 ਤੋਂ 2010 ਦਰਮਿਆਨ ਭਾਰਤ ਤੋਂ ਬਾਹਰ ਜਮ੍ਹਾ ਹੋਣ ਵਾਲਾ ਕਾਲਾਧਨ 384 ਅਰਬ ਡਾਲਰ ਤੋਂ ਲੈ ਕੇ 490 ਅਰਬ ਡਾਲਰ ਦੇ ਵਿਚਾਲੇ ਸੀ। ਕਾਲੇਧਨ ਨਾਲ ਨਿਪਟਣ ਲਈ ਹੁਣ ਤੋਂ ਪਹਿਲਾਂ ਇਨਕਮ ਡਿਕਲੇਅਰੇਸ਼ਨ ਸਕੀਮ, ਵਲੰਟਰੀ ਡਿਸਕਲੋਜ਼ਰ ਸਕੀਮ, ਟੈਕਸ ਰੇਟ ਨੂੰ ਘੱਟ ਕਰਨਾ, 1991 ਤੋਂ ਬਾਅਦ ਵਪਾਰ 'ਤੇ ਕੰਟਰੋਲ ਹਟਾਉਣਾ ਅਤੇ ਕਾਨੂੰਨਾਂ ਵਿਚ ਤਬਦੀਲੀ ਵਰਗੇ ਕਈ ਕਦਮ ਚੁੱਕੇ ਗਏ। ਹਾਲੀਆ ਸਾਲਾਂ ਵਿਚ ਅਜਿਹੇ ਵਿਧਾਨ ਬਣਾਏ ਗਏ ਜੋ ਟੈਕਸ ਅਧਿਕਾਰੀਆਂ ਨੂੰ ਇਹ ਯਕੀਨੀ ਬਣਾਉਣ ਦੀ ਆਗਿਆ ਦਿੰਦੇ ਹਨ ਕਿ ਕਰਦਾਤੇ ਟੈਕਸ ਚੋਰੀ ਨਾ ਕਰਨ।ਇਸ ਵਿਚ ਆਪਣੇ ਗਾਹਕ ਨੂੰ ਜਾਣੋ (ਕੇਵਾਈਸੀ) ਦੀ ਵਿਵਸਥਾ ਜੋੜੀ ਗਈ ਜਿਸ ਵਿਚ ਕਿਸੇ ਵਿਸ਼ੇਸ਼ ਖੇਤਰ ਵਿਚ ਲੈਣ-ਦੇਣ ਕਰਨ ਵਾਲਿਆਂ ਨੂੰ ਆਪਣੀ ਪੂਰੀ ਪਛਾਣ ਦੱਸਣੀ ਹੁੰਦੀ ਹੈ ਤਾਂ ਕਿ ਦੂਜੇ ਕਾਰਜ-ਖੇਤਰਾਂ ਦੇ ਨਾਲ ਉਸ ਸੂਚਨਾ ਨੂੰ ਸਾਂਝਾ ਕੀਤਾ ਜਾ ਸਕੇ, ਫਿਰ ਵੀ ਕਾਲੇਧਨ ਵਿਚ ਵਾਧਾ ਅਤੇ ਦੇਸ਼ ਤੋਂ ਕਾਲੇਧਨ ਨੂੰ ਵਿਦੇਸ਼ ਭੇਜੇ ਜਾਣ ਦੇ ਰੁਝਾਨ ਵਿਚ ਕੋਈ ਕਮੀ ਨਹੀਂ ਆਈ ਹੈ। ਵਿਦੇਸ਼ੀ ਬੈਂਕਾਂ ਵਿਚ ਜਮ੍ਹਾ ਕਾਲੇਧਨ ਦੇ ਖਾਤਾਧਾਰਕਾਂ ਦੀ ਸੂਚੀ ਮਿਲਣ ਦੀ ਖ਼ਬਰ ਨੂੰ ਹੀ ਵੱਡੀ ਸਫਲਤਾ ਦੇ ਰੂਪ ਵਿਚ ਨਹੀਂ ਦੇਖਿਆ ਜਾ ਸਕਦਾ। ਸਫਲਤਾ ਉਦੋਂ ਹੀ ਮੰਨੀ ਜਾਵੇਗੀ ਜਦ ਵਿਦੇਸ਼ਾਂ ਵਿਚ ਜਮ੍ਹਾ ਜ਼ਿਆਦਾਤਰ ਕਾਲਾਧਨ ਸਰਕਾਰੀ ਖਾਤਿਆਂ ਵਿਚ ਵਾਪਸ ਆ ਜਾਵੇਗਾ।ਜਿਸ ਤਰ੍ਹਾਂ ਨਾਲ ਪਨਾਮਾ ਪੇਪਰਜ਼ ਅਤੇ ਪੈਰਾਡਾਈਜ਼ ਪੇਪਰਜ਼ ਦੇ ਭੇਤ ਖੁੱਲ੍ਹਣ 'ਤੇ ਕੇਂਦਰ ਸਰਕਾਰ ਨੇ ਦੇਸ਼ ਦੀਆਂ ਮਸ਼ਹੂਰ ਹਸਤੀਆਂ ਦੀਆਂ ਵਿਦੇਸ਼ ਵਿਚ ਗੁਪਤ ਵਿੱਤੀ ਸੰਪਤੀਆਂ ਨੂੰ ਉਜਾਗਰ ਕਰਨ ਲਈ ਬਹੁ-ਏਜੰਸੀ ਤਫ਼ਤੀਸ਼ ਕਰਵਾਉਣ ਦੇ ਹੁਕਮ ਦਿੱਤੇ ਸਨ, ਉਸੇ ਤਰ੍ਹਾਂ ਇਸ ਵਾਰ ਵੀ ਸਬੰਧਤ ਜਾਂਚ ਏਜੰਸੀਆਂ ਇਹ ਦੇਖਣਗੀਆਂ ਕਿ ਪੈਂਡੋਰਾ ਪੇਪਰਜ਼ ਵਿਚ ਜਿਨ੍ਹਾਂ ਦੇ ਨਾਮ ਆਏ ਹਨ, ਉਨ੍ਹਾਂ ਦੁਆਰਾ ਦਾਖ਼ਲ ਕੀਤੇ ਗਏ ਟੈਕਸ ਰਿਟਰਨ ਵਿਦੇਸ਼ ਵਿਚ ਉਨ੍ਹਾਂ ਦੀ ਸੰਪਤੀ ਨਾਲ ਮੇਲ ਖਾਂਦੇ ਹਨ ਜਾਂ ਨਹੀਂ ਅਤੇ ਇਹ ਵੀ ਨਿਰਧਾਰਤ ਕੀਤਾ ਜਾਵੇਗਾ ਕਿ ਇਸ ਵਿਚ ਫੇਮਾ ਦੀ ਉਲੰਘਣਾ ਤਾਂ ਨਹੀਂ ਕੀਤੀ ਗਈ ? ਪੈਂਡੋਰਾ ਪੇਪਰਜ਼ ਲੀਕ ਮਾਮਲੇ ਵਿਚ ਜਾਂਚ ਦਾ ਤਾਲਮੇਲ ਰੁਟੀਨ ਨਹੀਂ ਰਹਿਣਾ ਚਾਹੀਦਾ। ਇਹ ਮਾਮਲੇ ਕਿਉਂਕਿ ਰਸੂਖਦਾਰ ਸਮਾਜਿਕ ਅਤੇ ਵਿੱਤੀ ਵਰਗ ਨਾਲ ਸਬੰਧ ਰੱਖਦੇ ਹਨ, ਇਸ ਲਈ ਜਾਂਚ-ਪੜਤਾਲ ਸਬੰਧੀ ਕਾਰਵਾਈ ਕਠੋਰ ਹੋਣੀ ਚਾਹੀਦੀ ਹੈ। ਵਿਦੇਸ਼ ਵਿਚ ਨਿਵੇਸ਼ ਸਬੰਧੀ ਮਾਪਦੰਡਾਂ ਨੂੰ ਤੋੜਨ ਵਾਲਿਆਂ ਲਈ ਕਠੋਰ ਕਾਨੂੰਨ ਬਣਾਏ ਜਾਣੇ ਹੋਣਗੇ। ਇਹ ਵੀ ਜ਼ਰੂਰੀ ਹੈ ਕਿ ਦੇਸ਼ ਵਿਚ ਕਾਲੇਧਨ 'ਤੇ ਕਾਬੂ ਪਾਉਣ ਲਈ ਭ੍ਰਿਸ਼ਟਾਚਾਰ ਨੂੰ ਹਰ ਹਾਲਤ ਵਿਚ ਨੱਥ ਪਾਉਣੀ ਹੋਵੇਗੀ। ਕਾਬਿਲੇਗੌਰ ਹੈ ਕਿ ਅੱਜ ਦੇ ਮੌਜੂਦਾ ਦੌਰ ਵਿਚ ਭਾਰਤ ਨੂੰ ਭ੍ਰਿਸ਼ਟਾਚਾਰ ਘੁਣ ਵਾਂਗ ਖਾ ਰਿਹਾ ਹੈ। ਇਸ ਕਾਰਨ ਦੇਸ਼ ਦੀ ਤਰੱਕੀ ਦੀ ਰਫ਼ਤਾਰ ਮੱਠੀ ਪੈ ਰਹੀ ਹੈ। ਇਸ ਤੋਂ ਆਮ ਤੇ ਖ਼ਾਸ, ਸਾਰੇ ਪਰੇਸ਼ਾਨ ਹਨ ਪਰ ਤ੍ਰਾਸਦੀ ਇਹ ਹੈ ਕਿ ਇਸ ਦੀਆਂ ਜੜ੍ਹਾਂ ਇੰਨੀਆਂ ਜ਼ਿਆਦਾ ਡੂੰਘੀਆਂ ਹਨ ਕਿ ਇਸ ਨੂੰ ਜੜ੍ਹੋਂ ਪੁੱਟ ਸਕਣਾ ਖਾਲਾ ਜੀ ਦਾ ਵਾੜਾ ਨਹੀਂ ਹੈ।ਟਰਾਂਸਪੇਰੈਂਸੀ ਇੰਟਰਨੈਸ਼ਨਲ ਦੁਆਰਾ ਪ੍ਰਕਾਸ਼ਿਤ ਕੁਰੱਪਸ਼ਨ ਇੰਡੈਕਸ 2020 ਵਿਚ 180 ਦੇਸ਼ਾਂ ਦੀ ਰੈਂਕਿੰਗ ਵਿਚ ਭਾਰਤ 86ਵੇਂ ਨੰਬਰ 'ਤੇ ਹੈ। ਸੀਪੀਆਈ ਰੈਂਕਿੰਗ ਵਿਚ ਭਾਰਤ ਸੰਨ 2019 ਵਿਚ 80ਵੇਂ ਸਥਾਨ 'ਤੇ ਸੀ। ਭ੍ਰਿਸ਼ਟਚਾਰ, ਕਾਲੇਧਨ ਅਤੇ ਵਿਦੇਸ਼ੀ ਬੈਂਕਾਂ ਵਿਚ ਚੋਰੀ-ਛੁਪੇ ਧਨ ਜਮ੍ਹਾ ਕੀਤੇ ਜਾਣ ਦੇ ਰੁਝਾਨ 'ਤੇ ਕਾਬੂ ਪਾਉਣ ਲਈ ਲੰਬਾ ਪੈਂਡਾ ਤੈਅ ਕਰਨਾ ਜ਼ਰੂਰੀ ਹੈ। ਭਾਰਤ ਵਿਚ ਕਿਉਂਕਿ ਭ੍ਰਿਸ਼ਟਾਚਾਰ ਅਤੇ ਕਾਲੇਧਨ 'ਤੇ ਕਾਬੂ ਪਾਉਣ ਵਿਚ ਸਭ ਤੋਂ ਵੱਡੀ ਚੁਣੌਤੀ ਸਿਆਸੀ ਫੰਡਿੰਗ ਤੋਂ ਹੈ, ਇਸ ਲਈ ਰਾਜਨੀਤਕ ਪਾਰਟੀਆਂ ਦੀ ਫੰਡਿੰਗ ਵਿਚ ਕਾਲੇਧਨ ਦੇ ਇਸਤੇਮਾਲ ਨੂੰ ਰੋਕਣ ਲਈ ਕਠੋਰ ਕਦਮ ਚੁੱਕੇ ਜਾਣੇ ਹੋਣਗੇ।ਹੁਣ ਭ੍ਰਿਸ਼ਟਾਚਾਰ 'ਤੇ ਕਾਬੂ ਪਾਉਣ ਲਈ ਸਰਕਾਰ ਦੁਆਰਾ ਨੌਕਰਸ਼ਾਹੀ ਵਿਚ ਸੁਧਾਰ, ਭ੍ਰਿਸ਼ਟਾਚਾਰ ਵਿਰੋਧੀ ਕਾਨੂੰਨਾਂ ਨੂੰ ਸਖ਼ਤੀ ਨਾਲ ਲਾਗੂ ਕਰਨਾ, ਅਦਾਲਤਾਂ ਵਿਚ ਉਕਤ ਮਾਮਲਿਆਂ ਦੇ ਤੇਜ਼ੀ ਨਾਲ ਨਬੇੜੇ, ਪ੍ਰਸ਼ਾਸਕੀ ਮਾਮਲਿਆਂ ਵਿਚ ਪਾਰਦਰਸ਼ਿਤਾ ਸਹਿਤ ਭ੍ਰਿਸ਼ਟਾਚਾਰ ਦੂਰ ਕਰਨ ਅਤੇ ਕਾਲੇਧਨ 'ਤੇ ਕਾਬੂ ਪਾਉਣ ਦੇ ਵੱਖ-ਵੱਖ ਠੋਸ ਉਪਾਵਾਂ ਦੇ ਰਸਤੇ 'ਤੇ ਅੱਗੇ ਵਧਣਾ ਹੋਵੇਗਾ।

# ਚੀਨ ਦੀ ਧੋਖੇਬਾਜ਼ੀ ਦੇ ਸ਼ਿਕਾਰ ਨੇਪਾਲ, ਪਾਕਿਸਤਾਨ ਅਤੇ ਹੁਣ ਸ਼੍ਰੀਲੰਕਾ

ਸ਼ੁਰੂ ਤੋਂ ਹੀ ਚੀਨ ਦੇ ਹਾਕਮਾਂ ਦੀ ਦੋਸਤੀ ਦੀ ਆੜ 'ਚ ਦੂਸਰੇ ਦੇਸ਼ਾਂ ਨੂੰ ਧੋਖਾ ਦੇਣ ਦੀ ਨੀਤੀ ਰਹੀ ਹੈ। ਪਹਿਲਾਂ ਤਾਂ ਉਹ ਮਦਦ ਦੇ ਨਾਂ 'ਤੇ ਵੱਖ-ਵੱਖ ਦੇਸ਼ਾਂ ਦੇ ਹਾਕਮਾਂ ਨੂੰ ਆਪਣੇ ਪ੍ਰਭਾਵ ਦੇ ਅਧੀਨ ਲਿਆਉਂਦੇ ਹਨ ਅਤੇ ਫਿਰ ਮੌਕਾ ਮਿਲਦੇ ਹੀ ਉਨ੍ਹਾਂ ਨੂੰ ਧੋਖਾ ਦੇਣ ਤੋਂ ਨਹੀਂ ਖੁੰਝਦੇ। ਇਸ ਦੀ ਤਾਜ਼ਾ ਉਦਾਹਰਣ ਨੇਪਾਲ, ਪਾਕਿਸਤਾਨ ਅਤੇ ਸ਼੍ਰੀਲੰਕਾ ਹਨ।ਇਕ ਪਾਸੇ ਨੇਪਾਲ 'ਚ ਅਰਬਾਂ ਰੁਪਏ ਦੇ ਪ੍ਰਾਜੈਕਟਸ ਸ਼ੁਰੂ ਕਰ ਕੇ ਚੀਨ ਦੇ ਹਾਕਮ ਉਸ ਨੂੰ ਆਪਣੇ ਵੱਸ 'ਚ ਕਰ ਰਹੇ ਹਨ ਤਾਂ ਦੂਜੇ ਪਾਸੇ ਉਸ ਦੀ ਜ਼ਮੀਨ 'ਤੇ ਚੁੱਪ-ਚੁੱਪੀਤੇ ਨਾਜਾਇਜ਼ ਕਬਜ਼ੇ ਕਰਦੇ ਜਾ ਰਹੇ ਹਨ। ਚੀਨ ਨੇ ਪਿਛਲੇ ਕੁਝ ਸਾਲਾਂ ਦੌਰਾਨ ਯੋਜਨਾਬੱਧ ਢੰਗ ਨਾਲ ਉੱਥੋਂ ਦੇ ਗੋਰਖਾ ਜ਼ਿਲੇ ਦੇ ਪਿੰਡ 'ਰੂਈ' 'ਤੇ ਕਬਜ਼ਾ ਕਰ ਲਿਆ ਹੈ ਅਤੇ ਇਸ ਨੂੰ ਜਾਇਜ਼ ਦਰਸਾਉਣ ਲਈ ਉੱਥੇ ਲੱਗੇ ਸਾਰੇ ਸਰਹੱਦੀ ਥੰਮ੍ਹ ਪੁੱਟ ਦਿੱਤੇ



ਹਨ। ਇਹ ਪਿੰਡ ਹੁਣ ਚੀਨ ਦੇ ਮੁਕੰਮਲ ਕੰਟਰੋਲ 'ਚ ਹੈ।

ਪਾਕਿਸਤਾਨ ਦੇ ਹਾਕਮਾਂ ਨੂੰ ਆਪਣੇ ਵੱਸ 'ਚ ਰੱਖਣ ਦੇ ਲਈ ਚੀਨ ਦੇ ਹਾਕਮ ਭਾਰਤ 'ਚ ਦੋ ਦਹਾਕਿਆਂ ਤੋਂ ਹਿੰਸਕ ਸਰਗਰਮੀਆਂ ਨੂੰ ਅੰਜਾਮ ਦੇ ਰਹੇ ਪਾਕਿਸਤਾਨੀ ਅੱਤਵਾਦੀ ਗਿਰੋਹ ਜੈਸ਼-ਏ-ਮੁਹੰਮਦ ਦੇ ਸਰਗਣਾ 'ਮਸੂਦ ਅਜ਼ਹਰ' ਨੂੰ ਸੰਯੁਕਤ ਰਾਸ਼ਟਰ ਸੁਰੱਖਿਆ ਪ੍ਰੀਸ਼ਦ (ਯੂ. ਐੱਨ. ਐੱਸ. ਸੀ.) 'ਚ 'ਵਿਸ਼ਵ ਪੱਧਰੀ ਅੱਤਵਾਦੀ' ਐਲਾਨ ਕਰਵਾਉਣ ਦੇ ਭਾਰਤ ਦੇ ਯਤਨਾਂ ਨੂੰ ਅਸਫਲ ਕਰਦੇ ਆ ਰਹੇ ਹਨ। ਚੀਨੀ ਹਾਕਮ ਭਾਰਤ 'ਚ ਸਰਗਰਮ ਅੱਤਵਾਦੀ ਗਿਰੋਹਾਂ ਦੀ ਵੀ ਲਗਾਤਾਰ ਹਥਿਆਰਾਂ ਨਾਲ ਮਦਦ ਕਰ ਰਹੇ ਹਨ। ਚੀਨ ਸਰਕਾਰ ਨੇ ਪਾਕਿਸਤਾਨ 'ਚ ਨਿਰਮਾਣ ਅਧੀਨ 'ਚੀਨ-ਪਾਕਿਸਤਾਨ ਇਕਨਾਮਿਕ ਕਾਰੀਡੋਰ' 'ਚ 3.8 ਲੱਖ ਕਰੋੜ ਰੁਪਏ ਦਾ ਨਿਵੇਸ਼ ਕਰਨ ਦੇ ਇਲਾਵਾ 'ਵਨ ਬੈਲਟ ਵਨ ਰੋਡ' ਪ੍ਰਾਜੈਕਟ ਅਤੇ ਹੋਰ ਕਈ ਪ੍ਰਾਜੈਕਟਾਂ 'ਚ ਖਰਬਾਂ ਡਾਲਰ ਦੀ ਭਾਰੀ-ਭਰਕਮ ਰਾਸ਼ੀ ਨਿਵੇਸ਼ ਕਰਨ ਦੇ ਨਾਂ 'ਤੇ ਉੱਥੇ ਆਪਣਾ ਕਬਜ਼ਾ ਹੀ ਜਮਾ ਲਿਆ ਹੈ। ਚੀਨ ਦੇ ਹਾਕਮ ਏਸ਼ੀਆ 'ਚ ਪਾਕਿਸਤਾਨ ਨੂੰ ਆਪਣਾ ਸਭ ਤੋਂ ਵੱਡਾ ਦੋਸਤ ਦੱਸਦੇ ਹਨ ਪਰ ਉਸ ਨੂੰ ਵੀ ਧੋਖਾ ਦੇਣ ਦਾ ਕੋਈ ਵੀ ਮੌਕਾ ਹੱਥੋਂ ਜਾਣ ਨਹੀਂ ਦਿੰਦੇ। ਹਾਲ ਹੀ 'ਚ ਚੀਨ ਨੇ ਪਾਕਿਸਤਾਨ ਦੀ ਫੌਜ ਨੂੰ ਅਤਿਆਧੁਨਿਕ ਹਥਿਆਰਾਂ ਦੇ ਨਾਂ 'ਤੇ ਬੇਹੱਦ ਘਟੀਆ ਕੁਆਲਿਟੀ ਦੇ ਡਰੋਨ ਵੇਚ ਦਿੱਤੇ ਜੋ ਖਰਾਬ ਨਿਕਲੇ।ਇਸ ਬਾਰੇ ਸ਼ਿਕਾਇਤ ਕਰਨ 'ਤੇ ਵੀ ਚੀਨੀ ਹਾਕਮਾਂ ਨੇ ਪਾਕਿਸਤਾਨ ਦੇ ਹਾਕਮਾਂ ਦੀ ਇਕ ਨਾ ਸੁਣੀ ਅਤੇ ਉਲਟੇ ਪਾਕਿਸਤਾਨ 'ਤੇ ਹੀ ਦੋਸ਼ ਮੜਦੇ ਹੋਏ ਪਾਕਿਸਤਾਨੀ ਇੰਜੀਨੀਅਰਾਂ ਨੂੰ ਵੀ ਅਯੋਗ ਦੱਸ ਦਿੱਤਾ ਜਿਸ ਕਾਰਨ ਪਾਕਿਸਤਾਨ ਦੀ ਸਰਕਾਰ ਅਤੇ ਫੌਜ ਦੋਵੇਂ ਹੀ ਚੀਨ ਨਾਲ ਨਾਰਾਜ਼ ਦੱਸੇ ਜਾਂਦੇ ਹਨ। ਚੀਨ ਦੀ ਧੋਖੇਬਾਜ਼ੀ ਦਾ ਨਵਾਂ ਸ਼ਿਕਾਰ ਸ਼੍ਰੀਲੰਕਾ ਹੋਇਆ ਹੈ। ਦੱਸਿਆ ਜਾਂਦਾ ਹੈ ਕਿ ਹਾਲ ਹੀ 'ਚ ਸ਼੍ਰੀਲੰਕਾ ਸਰਕਾਰ ਨੇ ਆਪਣੇ ਦੇਸ਼ 'ਚ ਖੇਤੀ ਦੇ ਲਈ ਰਸਾਇਣਕ ਖਾਦਾਂ ਦੀ ਥਾਂ 'ਤੇ ਮੁਕੰਮਲ ਤੌਰ 'ਤੇ ਆਰਗੈਨਿਕ ਖਾਦਾਂ ਦੀ ਵਰਤੋਂ ਦਾ ਫੈਸਲਾ ਕੀਤਾ। ਇਸ ਦੀ ਕੁਝ ਲੋੜ ਤਾਂ ਇਸ ਨੇ ਆਪਣੇ ਇੱਥੇ ਮੁਹੱਈਆ ਆਰਗੈਨਿਕ ਖਾਦ ਤੋਂ ਪੂਰੀ ਕਰ ਲਈ ਪਰ ਬਾਕੀ ਲੋੜ ਪੂਰੀ ਕਰਨ ਲਈ ਸ਼੍ਰੀਲੰਕਾ ਸਰਕਾਰ ਨੇ ਚੀਨ ਤੋਂ 'ਬਾਇਓ ਖਾਦ' ਦੀ ਵੱਡੀ ਖੇਪ ਮੰਗਵਾਈ।

ਸ਼੍ਰੀਲੰਕਾ ਦੇ ਰਾਸ਼ਟਰਪਤੀ ਗੋਟਬਾਯਾ ਰਾਜਪਕਸ਼ੇ ਦਾ ਦੋਸ਼ ਹੈ ਕਿ ਚੀਨ ਵੱਲੋਂ ਸਪਲਾਈ ਕੀਤੀ ਗਈ ਆਰਗੈਨਿਕ ਖਾਦ ਨਾਲ ਫਸਲਾਂ ਨੂੰ ਲਾਭ ਤਾਂ ਕੀ ਹੋਣਾ ਸੀ, ਉਲਟਾ ਹਾਨੀਕਾਰਕ ਬੈਕਟੀਰੀਆ ਵਾਲੀ ਚੀਨੀ ਖਾਦ ਦੀ ਵਰਤੋਂ ਨਾਲ ਸਾਰੀ ਫਸਲ ਤਬਾਹ ਹੋ ਜਾਣ ਦੇ ਕਾਰਨ ਦੇਸ਼ 'ਚ ਭਾਰੀ ਅਸੰਤੋਸ਼ ਫੈਲ ਗਿਆ ਹੈ। ਇਸ ਦੇ ਬਾਅਦ ਸ਼੍ਰੀਲੰਕਾ ਸਰਕਾਰ ਨੇ ਭਾਰਤ ਕੋਲ ਮਦਦ ਦੀ ਅਪੀਲ ਕੀਤੀ ਤਾਂ ਭਾਰਤ ਸਰਕਾਰ ਨੇ ਦੀਵਾਲੀ 'ਤੇ ਜਹਾਜ਼ ਰਾਹੀਂ 100 ਟਨ ਖਾਦ ਭੇਜ ਕੇ 'ਦੋਸਤ ਉਹੀ ਜੋ ਬਿਪਤਾ 'ਚ ਕੰਮ ਆਵੇ' ਕਹਾਵਤ ਸਿੱਧ ਕੀਤੀ ਹੈ। ਇਹੀ ਨਹੀਂ, ਹਾਲ ਹੀ 'ਚ ਭਾਰਤ 'ਚ ਸ਼੍ਰੀਲੰਕਾ ਦੇ ਹਾਈ ਕਮਿਸ਼ਨਰ ਨੇ ਵਿੱਤ ਮੰਤਰੀ ਨਿਰਮਲਾ ਸੀਤਾਰਮਨ ਨਾਲ ਮੁਲਾਕਾਤ ਕਰ ਕੇ ਆਪਣੇ ਦੇਸ਼ ਨੂੰ ਆਰਥਿਕ ਸੰਕਟ 'ਚੋਂ ਕੱਢਣ ਲਈ ਕਰਜ਼ੇ ਦੇ ਰੂਪ 'ਚ 50 ਕਰੋੜ ਡਾਲਰ ਦੀ ਆਰਥਿਕ ਸਹਾਇਤਾ ਵੀ ਮੰਗੀ ਹੈ।ਇਹੀ ਨਹੀਂ ਵੱਖ-ਵੱਖ ਦੇਸ਼ਾਂ ਨੂੰ ਕਰਜ਼ਾ ਦੇ ਕੇ ਉਨ੍ਹਾਂ ਨੂੰ ਆਪਣਾ 'ਆਰਥਿਕ ਗੁਲਾਮ' ਬਣਾਉਣ ਦੀ ਚੀਨੀ ਹਾਕਮਾਂ ਦੀ ਰਣਨੀਤੀ ਨੂੰ ਅਫਰੀਕਾ ਮਹਾਦੀਪ ਦੇ ਕਈ ਦੇਸ਼ਾਂ ਨੇ ਮਹਿਸੂਸ ਕਰ ਕੇ ਆਪਣੇ ਇੱਥੇ ਚਲਾਏ ਜਾ ਰਹੇ ਚੀਨੀ ਪ੍ਰਾਜੈਕਟਾਂ ਨੂੰ ਰੱਦ ਕਰ ਦਿੱਤਾ ਹੈ। ਇਨ੍ਹਾਂ 'ਚ ਘਾਨਾ ਅਤੇ ਕੀਨੀਆ ਆਦਿ ਸ਼ਾਮਲ ਹਨ ਜਦਕਿ ਕਾਂਗੋ ਆਪਣੇ ਦੇਸ਼ 'ਚ ਚੀਨੀ ਪ੍ਰਾਜੈਕਟਾਂ ਨੂੰ ਰੱਦ ਕਰਨ 'ਤੇ ਵਿਚਾਰ ਕਰ ਰਿਹਾ ਹੈ।

ਪੰਜਾਬ, ਪੰਜਾਬੀ ਅਤੇ ਪੰਜਾਬੀਅਤ ਦਾ ਤਰਜਮਾਨ
ਪੰਜਾਬੀ ਦੁਨੀਆ
PUNJABI DUNIYA
ISSN No. 1554 06X
ਚੇਅਰਮੈਨ : ਕਰਮ ਸਿੰਘ ਥਿੰਦ
ਪ੍ਰੈਜ਼ੀਡੈਂਟ : ਭੁਪਿੰਦਰ ਕੌਰ ਥਿੰਦ
ਐਡੀਟਰ - ਇਨ - ਚੀਫ ਅਤੇ ਪਬਲੀਸ਼ਰ : ਸ਼ਰਨਜੀਤ ਸਿੰਘ ਥਿੰਦ
ਡਿਪਟੀ ਮੈਨੇਜਿੰਗ ਐਡੀਟਰ : ਰਾਜ ਰਾਹੀ
ਕੰਟਰੀਬਿਊਟਿੰਗ ਰਾਈਟਰ : ਸੋਨੀਆ ਗਾਬਾ
ਚੀਫ ਫੋਟੋਗ੍ਰਾਫਰ : ਵਿਜੈ ਸ਼ਾਹ
ਸ਼ਪੈਸ਼ਲ ਕੋਰੇਸਪੌਂਡੈਂਸ :
ਫੋਟੋਗ੍ਰਾਫਰ : ਹਮਾਦ
ਗਗਨਦੀਪ ਸਿੰਘ (ਇੰਡੀਆ)
ਐਡੀਟੋਰੀਅਲ ਇੰਟਰਨ : ਰੌਬਿਨ ਸਿੰਘ ਥਿੰਦ
ਵੈਬ ਕੋਆਰਡੀਨੇਟਰ : ਹਰਪ੍ਰੀਤ ਸਿੰਘ
Published by Punjabi Duniya.com LLC
(A Division of Media Partners Capital , Inc.)

Address :
P.O Box 7005 Hicksville New York 11801
Phone: 917 612 3158 TelFax : 516 342 1076
punjabiduniya@gmail.com, thesouthasianinsider@gmail.com
www.punjabiduniya.com

**Disclaimer** The South Asian Insider is a weekly newspaper published every week by The South Asian Insider. It's available in community & religious centers, ethnic grocery stores and also available by mail, email & online to subscribers. The opinions, beliefs and viewpoints expressed by the various writers, authors and forum participants in The South Asian Insider do not necessarily reflect the opinions, beliefs and viewpoints of the Editor. All advertisers advertising in The South Asian Insider assume responsibility for accuracy of their advertisements. The South Asian Insider and/or people associated with it are not responsible for any claims made by the advertisers and don't endorse any product or services advertised in The South Asian Insider. We strongly urge consulting your lawyer before buying/contracting /hiring through the ads published in the newspaper. We are in the business of selling space and claims made by the advertisers are not authenticated or confirmed by an independent source

# Thinking of Buying/Selling ?

WIN ZONE Realty Inc.

WIN ZONE REALTY INC.



# Baldev Singh

Associate Broker/Notary Public

146-20 34 av. Flushing NY 11354

Cell : 917-224-7395

Email : josanbaldev@yahoo.com

# Insurance



Light
Solid like a Rock

## Are you paying too much for Auto, Home, Business, Workman Compensation, Contractors, General Liability, E&O ?

**Call us today for complimentary analysis of your policy.**



Sharanjit Singh Thind
Licensed P&C Insurance Broker/ Notary Public
(Service with Honesty & Smile, Since 2012)

# Tel: 516-654-4488

insure@nlightfin.com www.nlightfin.com

# ਲਾਕਡਾਊਨ ਦੌਰਾਨ ਕਿਸਾਨਾਂ ਦੇ ਮੁਕਾਬਲੇ ਵਪਾਰੀਆਂ ਨੇ ਕੀਤੀਆਂ ਜ਼ਿਆਦਾ ਆਤਮਹੱਤਿਆਵਾਂ

ਨਵੀਂ ਦਿੱਲੀ ਕੋਰੋਨਾ ਮਹਾਮਾਰੀ ਕਾਰਨ ਸਾਲ 2020 ਆਰਥਿਕ ਮੰਦੀ ਦੌਰਾਨ ਵਪਾਰੀਆਂ ’ਚ ਆਤਮਹੱਤਿਆਵਾਂ ਦੇ ਮਾਮਲਿਆਂ ’ਚ 2019 ਦੇ ਮੁਕਾਬਲੇ 50 ਫ਼ੀਸਦੀ ਦਾ ਵਾਧਾ ਵੇਖਿਆ ਗਿਆ। ਇਹੀ ਨਹੀਂ ਵਪਾਰੀਆਂ ਦੇ ਕਿਸਾਨਾਂ ਦੇ ਮੁਕਾਬਲੇ ਵੀ ਜਆਿਦਾ ਮੌਤਾਂ ਦਰਜ ਕੀਤੀਆਂ ਗਈਆਂ। ਰਾਸ਼ਟਰੀ ਅਪਰਾਧ ਰਿਕਾਰਡ ਬਿਊਰੋ (ਐੱਨ. ਸੀ. ਆਰ. ਬੀ.) ਦੇ ਤਾਜਾ ਅੰਕੜਿਆਂ ਮੁਤਾਬਕ ਇੱਕ ਸਾਲ ’ਚ 10,677 ਕਿਸਾਨਾਂ ਦੇ ਮੁਕਾਬਲੇ 2020 ’ਚ 11,716 ਵਪਾਰੀਆਂ ਨੇ ਆਤਮਹੱਤਿਆ ਕੀਤੀ। ਇਨ੍ਹਾਂ ’ਚੋਂ 11,000 ਤੋਂ ਜਆਿਦਾ ਮੌਤਾਂ ’ਚੋਂ 4,356 ‘ਟਰੇਡਸਮੈਨ’ ਅਤੇ 4,226 ‘ਸੇਲਰਸ’ ਸਨ, ਜਦੋਂ ਕਿ ਬਾਕੀਆਂ ਨੂੰ ਹੋਰ ਕਿੱਤਿਆਂ ਦੀ ਸ਼੍ਰੇਣੀ ’ਚ ਸ਼ਾਮਲ ਕੀਤਾ ਗਿਆ ਹੈ। ਬੱਚਿਆਂ ਦੀਆਂ ਆਤਮਹੱਤਿਆ ਦੇ ਅੰਕੜੇ ਵੀ ਹੈਰਾਨ ਕਰਨ ਵਾਲੇ

ਸਰਕਾਰੀ ਅੰਕੜਿਆਂ ਮੁਤਾਬਕ 2020 ’ਚ ਭਾਰਤ ’ਚ ਰੋਜਾਨਾ ਔਸਤਨ 31 ਬੱਚਿਆਂ ਨੇ ਆਤਮਹੱਤਿਆ ਕੀਤੀ। ਮਾਹਿਰਾਂ ਨੇ ਇਸ ਦੇ ਲਈ ਕੋਵਿਡ-19 ਮਹਾਮਾਰੀ ਦੇ ਕਾਰਨ ਬੱਚਿਆਂ ’ਤੇ ਪਏ ਮਨੋਵਿਗਿਆਨਕ ਦਬਾਅ ਨੂੰ ਜ਼ਿੰਮੇਵਾਰ ਠਹਿਰਾਇਆ ਹੈ। ਐੱਨ. ਸੀ. ਆਰ. ਬੀ. ਦੇ ਅੰਕੜਿਆਂ ਅਨੁਸਾਰ 2020 ’ਚ ਦੇਸ਼ ’ਚ 11,396 ਬੱਚਿਆਂ ਨੇ ਆਤਮਹੱਤਿਆ ਕੀਤੀ, ਜੋ 2019 ਦੇ ਮੁਕਾਬਲੇ 18 ਫ਼ੀਸਦੀ ਜਆਿਦਾ ਹੈ। ਐੱਨ. ਸੀ. ਆਰ. ਬੀ. ਦੇ ਅੰਕੜਿਆਂ ਮੁਤਾਬਕ 2019 ’ਚ 9,613 ਜਦੋਂ ਕਿ 2018 ’ਚ 9,413 ਬੱਚਿਆਂ ਨੇ ਆਤਮਹੱਤਿਆ ਕੀਤੀ ਸੀ। ਅੰਕੜਿਆਂ ਮੁਤਾਬਕ 18 ਸਾਲ ਤੋਂ ਘੱਟ



ਉਮਰ ਦੇ ਬੱਚਿਆਂ ਦੀ ਆਤਮਹੱਤਿਆ ਦੇ ਮੁੱਖ ਕਾਰਨ ਪਰਵਾਰਿਕ ਸਮੱਸਿਆਵਾਂ (4,006), ਪ੍ਰੇਮ ਪ੍ਰਸੰਗ (1,337), ਬੀਮਾਰੀ (1,327) ਸਨ। ਕੁਝ ਬੱਚਿਆਂ ਦੇ ਆਤਮਹੱਤਿਆ ਕਰਨ ਪਿੱਛੇ ਵਿੱਚਾਰਧਾਰਕ ਕਾਰਨ, ਬੇਰੋਜਗਾਰੀ, ਦੀਵਾਲੀਆਪਨ, ਨਪੁੰਸਕਤਾ ਅਤੇ ਨਸ਼ੇ ਵਾਲੇ ਪਦਾਰਥਾਂ ਦੀ ਵਰਤੋਂ ਵਰਗੇ ਹੋਰ ਕਾਰਨ ਸਨ।

ਆਰਥਕ ਤੰਗੀ ਕਾਰਨ ਵਧੀਆਂ ਆਤਮਹਤਿਆਵਾਂ- ਅਜਿਹੇ ਤਿੰਨ ਸਮੂਹ ਹਨ, ਜਿਨ੍ਹਾਂ ’ਚ ਐੱਨ. ਸੀ. ਆਰ. ਬੀ. ਨੇ ਆਤਮਹੱਤਿਆ ਦੇ ਰਿਕਾਰਡ ਦਾ ਵਰਗੀਕਰਣ ਕੀਤਾ ਹੈ। ਵਪਾਰੀਆਂ ’ਚ ਆਤਮਹੱਤਿਆ 2019 ’ਚ 2,906 ਤੋਂ ਵਧ ਕੇ 2020 ’ਚ 4,356 ਹੋ ਗਈ। ਇਹ ਅੰਕੜਾ 49.9 ਫ਼ੀਸਦੀ ਜਆਿਦਾ ਹੈ। ਦੇਸ਼ ’ਚ ਕੁੱਲ ਆਤਮਹੱਤਿਆਵਾਂ ਦਾ ਅੰਕੜਾ 10 ਫ਼ੀਸਦੀ ਵਧ ਕੇ 1,53,052 ਹੋ ਗਿਆ, ਜੋ ਹੁਣ ਤੱਕ ਦਾ ਸਭ ਤੋਂ ਵੱਡਾ ਅੰਕੜਾ ਹੈ। ਰਿਵਾਇਤੀ ਰੂਪ ’ਚ ਕਿਸਾਨਾਂ ਦੇ ਮੁਕਾਬਲੇ ਕਾਰੋਬਾਰੀ ਭਾਈਚਾਰੇ ਨੇ ਹਮੇਸ਼ਾ ਅਜਿਹੀਆਂ ਮੌਤਾਂ ਨੂੰ ਘੱਟ ਵੇਖਿਆ ਹੈ। ਲਾਕਡਾਊਨ ਦੌਰਾਨ ਛੋਟੇ ਕਾਰੋਬਾਰੀਆਂ ਅਤੇ ਵਪਾਰੀਆਂ ਨੂੰ ਭਾਰੀ ਨੁਕਸਾਨ ਹੋਇਆ, ਕਈ ਲੋਕਾਂ ਨੂੰ ਸ਼ਟਰ ਬੰਦ ਕਰਨ ’ਤੇ ਮਜਬੂਰ ਹੋਣਾ ਪਿਆ ਹੈ। ਕੋਵਿਡ ਦੇ ਸਾਲ ’ਚ ਛੋਟੇ ਕਾਰੋਬਾਰ ਬਹੁਤ ਬੁਰੀ ਤਰ੍ਹਾਂ ਪ੍ਰਭਾਵਿਤ ਹੋਏ। ਹੁਣ ਤੱਕ ਇਹ ਮੰਨਿਆ ਜਾਂਦਾ ਸੀ ਕਿ ਫ਼ਸਲ ਖ਼ਰਾਬ ਹੋਣ ਅਤੇ ਵਧਦੇ ਕਰਜੇ ਕਾਰਨ ਜਆਿਦਾ ਕਿਸਾਨ ਆਤਮਹੱਤਿਆ ਕਰਦੇ ਹਨ ਪਰ ਇਸ ਤੋਂ ਪਤਾ ਲੱਗਦਾ ਹੈ ਕਿ ਕਾਰੋਬਾਰੀ ਵਰਗ ’ਚ ਵੀ ਤਣਾਅ ਘੱਟ ਨਹੀਂ ਹੈ। ਮਹਾਮਾਰੀ ਨੇ ਇਸ ਨੂੰ ਬਦਤਰ ਬਣਾ ਦਿੱਤਾ ਹੈ।

# ਅਮਰੀਕਾ ’ਚ ਭਾਰਤੀ ਮੂਲ ਦੇ ਪੁਲੀਸ ਅਧਿਕਾਰੀ ਨੂੰ ਮਾਰੀ ਗੋਲੀ, ਗੰਭੀਰ ਜ਼ਖ਼ਮੀ

ਹਿਊਸਟਨ - ਅਮਰੀਕਾ ਦੇ ਜਾਰਜੀਆ ਸੂਬੇ ਵਿੱਚ ਘਰੇਲੂ ਝਗੜੇ ਨੂੰ ਸੁਲਝਾਉਣ ਗਏ ਭਾਰਤੀ ਮੂਲ ਦੇ 38 ਸਾਲਾ ਅਮਰੀਕੀ ਪੁਲੀਸ ਅਧਿਕਾਰੀ ਨੂੰ ਇੱਕ ਵਿਅਕਤੀ ਨੇ ਗੋਲੀ ਮਾਰ ਦਿੱਤੀ ਅਤੇ ਫ਼ਰਾਰ ਹੋ ਗਿਆ। ਮੀਡੀਆ ਰਿਪੋਰਟਾਂ ’ਚ ਇਹ ਜਾਣਕਾਰੀ ਦਿੰਦੇ ਹੋਏ ਦੱਸਿਆ ਗਿਆ ਹੈ ਕਿ ਗੋਲੀ ਲੱਗਣ ਕਾਰਨ ਪੁਲੀਸ ਅਧਿਕਾਰੀ ਗੰਭੀਰ ਰੂਪ ’ਚ ਜ਼ਖ਼ਮੀ ਹੋ ਗਿਆ। .ਏ. ਬੀ. ਸੀ. ਨਿਊਜ਼.ਕੌਮ ਨੇ ਆਪਣੀ ਰਿਪੋਰਟ ਵਿੱਚ ਦੱਸਿਆ ਕਿ ਜਾਰਜੀਆ ਅਤੇ ਨੈਸ਼ਨਲ ਬਾਸਕਟਬਾਲ ਐਸੋਸੀਏਸ਼ਨ ਦੇ ਹਾਲ ਔਫ਼ ਫ਼ੇਮਰ ਸਕੀਲ ਓ‘ਨੀਲ ਦੇ ਜਾਂਚਕਰਤਾਵਾਂ ਨੇ ਪਿਛਲੇ ਹਫ਼ਤੇ ਪਰਮਹੰਸ ਦੇਸਾਈ ਨਾਮ ਦੇ ਇੱਕ ਪੁਲੀਸ ਅਧਿਕਾਰੀ ਨੂੰ ਗੋਲੀ ਮਾਰ ਕੇ ਜ਼ਖ਼ਮੀ ਕਰਨ ਵਾਲੇ ਸ਼ੱਕੀ ਵਿਅਕਤੀ ਬਾਰੇ ਕੋਈ ਜਾਣਕਾਰੀ ਮੰਗੀ ਹੈ, ਜਿਸ ਲਈ 30,000 ਅਮਰੀਕੀ ਡਾਲਰ ਦਾ ਇਨਾਮ ਦੇਣ ਦੀ ਪੇਸ਼ਕਸ਼ ਕੀਤੀ ਗਈ ਹੈ। ਹੈਨਰੀ ਕਾਊਂਟੀ ਪੁਲੀਸ ਵਿਭਾਗ ਵਲੋਂ ਜਾਰੀ ਬਿਆਨ ’ਚ ਕਿਹਾ ਗਿਆ ਹੈ ਕਿ ਹੈਨਰੀ ਕਾਊਂਟੀ ਪੁਲੀਸ ਅਧਿਕਾਰੀ ਦੇਸਾਈ ਘਰੇਲੂ ਝਗੜੇ ਨੂੰ ਸੁਲਝਾਉਣ ਲਈ ਗਏ ਸਨ। ਜਦੋਂ ਉਨ੍ਹਾਂ ਨੇ ਮੈਕਡੋਨਫ਼ ਦੇ ਰਹਿਣ ਵਾਲੇ ਜੌਰਡਨ ਜੈਕਸਨ (22) ਨੂੰ ਗ੍ਰਿਫ਼ਤਾਰ ਕਰਨ ਦੀ ਕੋਸ਼ਿਸ਼ ਕੀਤੀ ਤਾਂ ਉਸ ਨੇ ਕਥਿਤ ਤੌਰ ’ਤੇ ਉਨ੍ਹਾਂ ’ਤੇ ਗੋਲੀਬਾਰੀ ਕੀਤੀ ਅਤੇ ਕਾਰ ਵਿੱਚ ਬੈਠ ਕੇ ਫ਼ਰਾਰ ਹੋ ਗਿਆ। ਪੁਲੀਸ ਨੇ ਦੱਸਿਆ ਕਿ ਦੇਸਾਈ ਨੂੰ ਹਸਪਤਾਲ ਲਿਜਾਇਆ ਗਿਆ ਜਿੱਥੇ ਉਨ੍ਹਾਂ ਦੀ ਹਾਲਤ ਨਾਜ਼ੁਕ ਪਰ ਸਥਿਰ ਦੱਸੀ ਜਾ ਰਹੀ ਹੈ।



ਦੇਸਾਈ (38) ਵਿਆਹੁਤਾ ਹਨ ਅਤੇ ਉਨ੍ਹਾਂ ਦੇ 2 ਬੱਚੇ ਹਨ। ਉਹ ਪਿਛਲੇ 2 ਸਾਲਾਂ ਤੋਂ ਹੈਨਰੀ ਕਾਊਂਟੀ ਪੁਲੀਸ ਵਿਭਾਗ ਵਿੱਚ ਕੰਮ ਕਰ ਰਹੇ ਹਨ। ਇਸ ਤੋਂ ਪਹਿਲਾਂ ਉਨ੍ਹਾਂ ਨੇ ਜਾਰਜੀਆ ਦੇ ਸੁਧਾਰ ਵਿਭਾਗ ਅਤੇ ਡੀਕਲਬ ਕਾਉਂਟੀ ਪੁਲੀਸ ਵਿਭਾਗ ਵਿੱਚ ਕੰਮ ਕੀਤਾ। ਇੱਕ ਹੋਰ ਵੈੱਬਸਾਈਟ ਨੇ ਆਪਣੀ ਰਿਪੋਰਟ ’ਚ ਦੱਸਿਆ ਕਿ ਜਦੋਂ ਦੇਸਾਈ ਕਾਲ ਤੋਂ ਬਾਅਦ ਕੀਜ ਫ਼ੈਰੀ ਰੋਡ ’ਤੇ ਮੌਕੇ ’ਤੇ ਪਹੁੰਚੇ ਤਾਂ ਜੈਕਸਨ ਨੇ ਉਨ੍ਹਾਂ ਨੂੰ ਗੋਲੀ ਮਾਰ ਦਿੱਤੀ। ਰਿਪੋਰਟਾਂ ਵਿੱਚ ਕਿਹਾ ਗਿਆ ਹੈ ਕਿ ਪੁਲੀਸ ਨੇ ਜੈਕਸਨ ਦੀ ਗ੍ਰਿਫ਼ਤਾਰੀ ਲਈ 30,000 ਡਾਲਰ ਦਾ ਇਨਾਮ ਰੱਖਿਆ ਹੈ। ਹੈਨਰੀ ਹੌਂਟੀ ਦੇ ਸੈਰਿਫ਼ ਦਫ਼ਤਰ ਅਤੇ ਹੋਰ ਸੰਸਥਾਵਾਂ ਨੇ ਵੀ ਵੱਖ-ਵੱਖ ਇਨਾਮ ਰੱਖੇ ਹਨ। ਇਸ ਤੋਂ ਪਹਿਲਾਂ 2019 ਵਿੱਚ ਟੈਕਸਾਸ ਵਿੱਚ ਭਾਰਤੀ ਮੂਲ ਦੇ ਇੱਕ ਪੁਲੀਸ ਅਧਿਕਾਰੀ ਸੰਦੀਪ ਸਿੰਘ ਧਾਲੀਵਾਲ ਦਾ ਪਿੱਛਿਓਂ ਗੋਲੀ ਮਾਰ ਕੇ ਕਤਲ ਕਰ ਦਿੱਤਾ ਗਿਆ ਸੀ। ਵਿਆਹੁਤਾ ਧਾਲੀਵਾਲ ਦੇ 3 ਬੱਚੇ ਹਨ।

# ਸਿਟ ਵੱਲੋਂ ਰਾਮ ਰਹੀਮ ਤੋਂ 8 ਘੰਟੇ ਪੁੱਛਗਿੱਛ

ਰੋਹਤਕ-ਬਰਗਾੜੀ ਬੇਅਦਬੀ ਮਾਮਲੇ ਵਿੱਚ ਪੰਜਾਬ ਪੁਲੀਸ ਦੀ ਐੱਸਆਈਟੀ



(ਸਿਟ) ਨੇ ਸੁਨਾਰੀਆ ਜੇਲ੍ਹ ਵਿੱਚ ਬੰਦ ਰਾਮ ਰਹੀਮ ਤੋਂ 8 ਘੰਟੇ ਪੁੱਛਗਿੱਛ ਕੀਤੀ। ਇਸ ਦੌਰਾਨ ਜੇਲ੍ਹ ਕੰਪਲੈਕਸ ਵਿੱਚ ਸੁਰੱਖਿਆ ਦੇ ਵਾਧੂ ਇੰਤਜਾਮ ਕੀਤੇ ਗਏ ਸਨ। ਐੱਸਆਈਟੀ ਦੇ ਨਾਲ ਆਈਆਂ ਗੱਡੀਆਂ ਦੀ ਵੀ ਪੁਲੀਸ ਨੇ ਜਾਂਚ ਕੀਤੀ। ਐੱਸਆਈਟੀ ਨੇ ਕਾਗਜੀ ਕਾਰਵਾਈ ਕੀਤੀ ਤੇ ਵਕੀਲਾਂ ਦੇ ਸਾਹਮਣੇ ਰਾਮ ਰਹੀਮ ਤੋਂ ਬੇਅਦਬੀ ਮਾਮਲੇ ਵਿੱਚ ਸਵਾਲ ਪੁੱਛੇ। ਦੱਸਿਆ ਜਾ ਰਿਹਾ ਹੈ ਕਿ ਰਾਮ ਰਹੀਮ ਨੇ ਕੁਝ ਸਵਾਲਾਂ ਦਾ ਜਵਾਬ ਨਹੀਂ ਦਿੱਤਾ। ਇਸ ਮੌਕੇ ਰਾਮ ਰਹੀਮ ਦੇ ਲਿਖਤੀ ਬਿਆਨ ਵੀ ਦਰਜ ਕੀਤੇ ਗਏ। ਸੋਮਵਾਰ ਸਵੇਰੇ ਸਾਢੇ ਨੌਂ ਵਜੇ ਪੰਜਾਬ ਪੁਲੀਸ ਦੇ ਆਈਜੀ ਸੁਰਿੰਦਰਪਾਲ ਦੀ ਅਗਵਾਈ ਵਿੱਚ ਐੱਸਆਈਟੀ ਜੇਲ੍ਹ ਪਹੁੰਚੀ। ਟੀਮ ਸਵਾਲਾਂ ਦੀ ਸੂਚੀ ਲੈ ਕੇ ਆਈ ਸੀ। ਪੁੱਛਗਿੱਛ ਦੌਰਾਨ ਰਾਮ ਰਹੀਮ ਦੇ ਵਕੀਲ ਮੌਜੂਦ ਸਨ। ਇਸ ਤੋਂ ਪਹਿਲਾਂ ਪੰਜਾਬ ਪੁਲੀਸ ਉਸ ਨੂੰ ਪ੍ਰੋਡਕਸ਼ਨ ਵਾਰੰਟ ਉਤੇ ਲਿਜਾਣਾ ਚਾਹੁੰਦੀ ਸੀ ਪਰ ਹਾਈ ਕੋਰਟ ਨੇ ਰੋਕ ਲਾ ਦਿੱਤੀ ਸੀ ਤੇ ਜੇਲ੍ਹ ਵਿੱਚ ਹੀ ਪੁੱਛਗਿੱਛ ਕਰਨ ਲਈ ਕਿਹਾ ਸੀ। 2015 ਵਿੱਚ ਦਰਜ ਹੋਏ ਇਸ ਕੇਸ ਵਿੱਚ ਪਹਿਲਾਂ ਚਾਰ ਏਜੰਸੀਆਂ ਜਾਂਚ ਕਰ ਚੁੱਕੀਆਂ ਹਨ।

# ਤੀਜੀ ਲਹਿਰ ਨਾਲ ਜੂਝ ਰਹੇ ਆਸਟ੍ਰੇਲੀਆ ’ਚ 2020 ਦੇ ਮੁਕਾਬਲੇ ਮੌਤਾਂ ਦੀ ਗਿਣਤੀ ਵਧੀ

ਕੈਨਬਰਾ- ਆਸਟ੍ਰੇਲੀਆ ਵਿੱਚ ਸਾਲ 2021 ਵਿੱਚ ਕੋਰੋਨਾ ਵਾਇਰਸ ਨਾਲ ਮਰਨ ਵਾਲਿਆਂ ਦੀ ਗਿਣਤੀ ਸਾਲ 2020 ਤੋਂ ਵੱਧ ਹੋ ਗਈ ਹੈ ਕਿਉਂਕਿ ਦੇਸ ਲਗਾਤਾਰ ਲਾਗਾਂ ਦੀ ਤੀਜੀ ਲਹਿਰ ਨਾਲ ਜੂਝ ਰਿਹਾ ਹੈ।ਆਸਟ੍ਰੇਲੀਆ ਨੇ ਸੋਮਵਾਰ ਸਵੇਰੇ 1,300 ਤੋਂ ਵੱਧ ਨਵੇਂ ਸਥਾਨਕ ਤੌਰ ’ਤੇ ਪ੍ਰਾਪਤ ਕੀਤੇ ਕੋਵਿਡ-19 ਕੇਸ ਅਤੇ 12 ਮੌਤਾਂ ਦੀ ਸੂਚਨਾ ਦਿੱਤੀ, ਜਿਸ ਨਾਲ ਦੇਸ ਵਿੱਚ ਮਹਾਮਾਰੀ ਨਾਲ ਮਰਨ ਵਾਲਿਆਂ ਦੀ ਗਿਣਤੀ 1827 ਹੋ ਗਈ। ਇਨ੍ਹਾਂ ਵਿੱਚੋਂ, 2020 ਵਿੱਚ 909 ਦੇ ਮੁਕਾਬਲੇ 2021 ਵਿੱਚ 918 ਮੌਤਾਂ ਹੋਈਆਂ ਹਨ। ਸਿਡਨੀ ਦੇ ਨਾਲ ਆਸਟ੍ਰੇਲੀਆ ਦੇ ਸਭ ਤੋਂ ਵੱਧ ਆਬਾਦੀ ਵਾਲੇ ਰਾਜ ਨਿਊ ਸਾਊਥ ਵੇਲਜ (ਐੱਨ.ਐੱਸ.ਡਬਲਊ.) ਨੇ



2021 ਵਿੱਚ ਕੋਵਿਡ-19 ਕਾਰਨ 544 ਜਾਂ 59 ਪ੍ਰਤੀਸਤ ਮੌਤਾਂ ਦਰਜ ਕੀਤੀਆਂ। ਤੁਲਨਾਤਮਕ ਤੌਰ ’ਤੇ 2020 ਵਿੱਚ ਆਸਟ੍ਰੇਲੀਆ ਦੀਆਂ 90 ਪ੍ਰਤੀਸਤ ਤੋਂ ਵੱਧ ਕੋਰੋਨਾ ਵਾਇਰਸ ਮੌਤਾਂ ਵਿਕਟੋਰੀਆ ਵਿੱਚ ਹੋਈਆਂ ਸਨ। ਦੇਸ ਦੇ ਦੂਜੇ ਸਭ ਤੋਂ ਵੱਧ ਆਬਾਦੀ ਵਾਲੇ ਰਾਜ ਮੈਲਬੌਰਨ ਵਿੱਚ ਵੀ ਨਵੇਂ ਕੇਸ ਸਾਹਮਣੇ ਆ ਰਹੇ ਹਨ।ਫ਼ੈਡਰਲ ਸਰਕਾਰ ਦੇ ਅੰਕੜਿਆਂ ਮੁਤਾਬਕ ਕੋਵਿਡ-19 ਨਾਲ ਮਰਨ ਵਾਲੇ 35 ਪ੍ਰਤੀਸਤ ਆਸਟ੍ਰੇਲੀਆਈ 80 ਸਾਲ ਦੇ, 23 ਪ੍ਰਤੀਸਤ 90 ਸਾਲ ਦੇ ਅਤੇ 20 ਪ੍ਰਤੀਸਤ 70 ਸਾਲ ਦੇ ਸਨ। ਸੋਮਵਾਰ ਨੂੰ ਰਿਪੋਰਟ ਕੀਤੇ ਗਏ ਜਆਿਦਾਤਰ ਨਵੇਂ ਕੇਸ ਵਿਕਟੋਰੀਆ ਵਿੱਚ ਸਨ, ਜਿੱਥੇ 1,126 ਕੇਸ ਅਤੇ ਪੰਜ ਮੌਤਾਂ ਦਰਜ ਕੀਤੀਆਂ ਗਈਆਂ ਸਨ। ਆਸਟ੍ਰੇਲੀਆ ਨੇ ਸੋਮਵਾਰ ਨੂੰ ਆਪਣਾ ਕੋਵਿਡ-19 ਬੂਸਟਰ ਟੀਕਾਕਰਨ ਪ੍ਰੋਗਰਾਮ ਸੁਰੂ ਕੀਤਾ, ਜਿਸ ਵਿੱਚ 18 ਸਾਲ ਜਾਂ ਇਸ ਤੋਂ ਵੱਧ ਉਮਰ ਦੇ ਕੋਈ ਵੀ ਵਿਅਕਤੀ, ਜਿਸ ਨੇ ਘੱਟੋ-ਘੱਟ ਛੇ ਮਹੀਨੇ ਪਹਿਲਾਂ ਆਪਣੀ ਦੂਜੀ ਖ਼ੁਰਾਕ ਲਈ ਸੀ, ਉਹ ਤੀਜੀ ਖ਼ੁਰਾਕ ਦੇ ਯੋਗ ਸੀ।ਸਿਹਤ ਵਿਭਾਗ ਮੁਤਾਬਕ ਹੁਣ ਤੱਕ 16 ਸਾਲ ਅਤੇ ਇਸ ਤੋਂ ਵੱਧ ਉਮਰ ਦੇ ਲਗਭਗ 89.3 ਪ੍ਰਤੀਸਤ ਆਸਟ੍ਰੇਲੀਅਨਾਂ ਨੂੰ ਟੀਕੇ ਦੀ ਇੱਕ ਖ਼ੁਰਾਕ ਮਿਲੀ ਸੀ ਅਤੇ 80.5 ਪ੍ਰਤੀਸਤ ਨੂੰ ਪੂਰੀ ਤਰ੍ਹਾਂ ਟੀਕਾ ਲਗਾਇਆ ਗਿਆ ਸੀ। ਸਿਹਤ ਮੰਤਰੀ ਗ੍ਰੇਗ ਹੰਟ ਨੇ ਬੂਸਟਰਾਂ ਦੇ ਸੰਦਰਭ ਵਿੱਚ ਕਿਹਾ ਕਿ ਲੋਕਾਂ ਲਈ ਇਹ ਜਾਨਣਾ ਜਰੂਰੀ ਹੈ ਕਿ ਕੋਵਿਡ-19 ਵੈਕਸੀਨ ਦੀਆਂ ਦੋ ਖ਼ੁਰਾਕਾਂ ਬਹੁਤ ਜਆਿਦਾ ਸੁਰੱਖਿਆ ਪ੍ਰਦਾਨ ਕਰਦੀਆਂ ਹਨ, ਖਾਸ ਕਰਕੇ ਗੰਭੀਰ ਬਿਮਾਰੀਆਂ ਤੋਂ।

# ਮਹਿਲਾ ਨੇ ਪਤੀ ਦੇ ਗਲੇ 'ਚ ਪਟਾ ਪਾ ਕੇ ਸ਼ਹਿਰ 'ਚ ਘੁਮਾਇਆ



ਬ੍ਰਾਸੀਲੀਆ -ਬ੍ਰਾਜੀਲ ਦਾ ਇੱਕ ਹੈਰਾਨ ਕਰ ਦੇਣ ਵਾਲਾ ਮਾਮਲਾ ਸਾਹਮਣੇ ਆਇਆ ਹੈ। ਇੱਥੇ ਇੱਕ ਮਹਿਲਾ ਆਪਣੇ ਪਤੀ ਨੂੰ ਪਾਲਤੂ ਕੁੱਤੇ ਵਾਂਗ ਸੜਕਾਂ 'ਤੇ ਘੁਮਾਉਂਦੇ ਹੋਏ ਨਜਰ ਆਈ। ਮਹਿਲਾ ਨੇ ਆਪਣੇ ਪਤੀ ਦੇ ਗਲੇ ਵਿੱਚ ਇੱਕ ਚੇਨ ਪਾਈ ਹੋਈ ਸੀ। ਅਜਿਹਾ ਕਰਨ ਦੇ ਪਿੱਛੇ ਮਹਿਲਾ ਨੇ ਜਿਹੜੀ ਦਲੀਲ ਦਿੱਤੀ ਉਹ ਵੀ ਕਾਫ਼ੀ ਦਿਲਚਸਪ ਹੈ।

'ਡੇਲੀ ਸਟਾਰ' ਦੀ ਰਿਪੋਰਟ ਮੁਤਾਬਕ ਮਹਿਲਾ ਦਾ ਨਾਮ ਲੁਆਨਾ ਕਜਾਕਿ ( ) ਅਤੇ ਉਸ ਦੇ ਪਤੀ ਦਾ ਨਾਮ ਆਰਥਰ ਓ ਉਰਸੋ ( ) ਹੈ। ਇਹ ਦੋਵੇਂ ਬ੍ਰਾਜੀਲ ਦੇ ਇੱਕ ਭੀੜ ਵਾਲੇ ਰੇਲਵੇ ਸਟੇਸ਼ਨ ਅਤੇ ਸੜਕਾਂ 'ਤੇ ਤਸਵੀਰਾਂ ਖਿੱਚਵਾਉਂਦੇ ਦਿਸੇ। ਤਸਵੀਰਾਂ ਵਿੱਚ ਦੇਖਿਆ ਜਾ ਸਕਦਾ ਹੈ ਕਿ ਕਿਵੇਂ ਲੁਆਨਾ ਆਪਣੇ ਪਤੀ ਆਰਥਰ ਨੂੰ ਕਿਸੇ ਕੁੱਤੇ ਵਾਂਗ ਟ੍ਰੀਟ ਕਰ ਰਹੀ ਹੈ। ਆਰਥਰ ਦੇ ਗਲੇ ਵਿੱਚ ਇੱਕ ਲੋਹੇ ਦੀ ਚੇਨ ਸੀ, ਜਿਸ ਨੂੰ ਲੁਆਨਾ ਨੇ ਫ਼ੜਿਆ ਹੋਇਆ ਸੀ। ਉਹ ਉਸ ਨੂੰ ਚੇਨ ਦੇ ਸਹਾਰੇ ਹੀ ਘੁੰਮਾ ਰਹੀ ਸੀ।ਆਰਥਰ ਦੇ ਚਿਹਰੇ 'ਤੇ ਇੱਕ ਮਾਸਕ ਸੀ।ਲੁਆਨਾ ਦਾ ਕਹਿਣਾ ਹੈ ਕਿ ਉਹਨਾਂ ਨੇ ਆਪਣੇ ਵਿੱਚਕਾਰ 'ਪਿਆਰ ਅਤੇ ਰੋਮਾਂਸ' ਵਧਾਉਣ ਲਈ ਅਜਿਹਾ ਕੀਤਾ ਸੀ। ਇੱਕ ਇੰਟਰਵਿਊ ਵਿੱਚ ਲੁਆਨਾ ਨੇ ਕਿਹਾ,"ਮੈਨੂੰ ਕੋਈ ਫ਼ਰਕ ਨਹੀਂ ਪੈਂਦਾ ਕਿ ਲੋਕ ਕੀ ਸੋਚਦੇ ਹਨ। ਮੈਂ ਕੋਈ ਗੈਰ ਕਾਨੂੰਨੀ ਕੰਮ ਨਹੀਂ ਕਰ ਰਹੀ। ਅਸੀਂ ਕਿਸੇ ਨੂੰ ਬਿਨਾਂ ਨੁਕਸਾਨ ਪਹੁੰਚਾਏ ਅਜਿਹਾ ਕੰਮ ਕੀਤਾ ਹੈ। ਸਾਡਾ ਮੰਨਣਾ ਹੈ ਕਿ ਇਸ ਨਾਲ ਸਾਡੇ ਦੋਹਾਂ ਵਿੱਚ ਪਿਆਰ ਵਧੇਗਾ।" ਲੁਆਨਾ ਆਪਣੇ ਪਤੀ ਆਰਥਰ ਨੂੰ ਕੁੱਤੇ ਦੇ ਪਟੇ ਨਾਲ ਬੰਨ੍ਹ ਕੇ ਘੁਮਾਉਂਦੀ ਨਜਰ ਆਈ। ਇਸ ਜੋੜੇ ਨੇ ਬਕਾਇਦਾ ਫ਼ੋਟੋਸ਼ੂਟ ਵੀ ਕਰਾਇਆ। ਇਸ ਦੌਰਾਨ ਲੁਆਨ ਦਾ ਪਤੀ ਕੁੱਤੇ ਦੀ ਤਰ੍ਹਾਂ ਹੀ ਜਮੀਨ 'ਤੇ ਬੈਠਾ ਨਜਰ ਆਇਆ, ਜਿਸ ਦੀਆਂ ਕੁਝ ਤਸਵੀਰਾਂ ਸਾਹਮਣੇ ਆਈਆਂ ਹਨ।

# ਓਬਾਮਾ ਵੱਲੋਂ ਜਲਵਾਯੂ ਬਾਰੇ ਵੱਡੇ ਟੀਚੇ ਮਿੱਥਣ ਦਾ ਸੱਦਾ

ਗਲਾਸਗੋ-ਗਲਾਸਗੋ (ਯੂਕੇ) ਵਿੱਚ ਹੋਏ ਜਲਵਾਯੂ ਸੰਮੇਲਨ ਦੌਰਾਨ ਫ਼ੈਸਲਾਕੁਨ ਕਦਮ ਚੁੱਕਣ ਦੇ ਵਧੇ ਦਬਾਅ ਦੇ ਮੱਦੇਨਜਰ ਅੱਜ ਸਾਬਕਾ ਅਮਰੀਕੀ ਰਾਸ਼ਟਰਪਤੀ ਬਰਾਕ ਓਬਾਮਾ ਨੇ ਕਰੀਬ 200 ਸਰਕਾਰਾਂ ਦੇ ਪ੍ਰਤੀਨਿਧੀਆਂ ਨੂੰ ਅਪੀਲ ਕੀਤੀ ਕਿ ਕਾਰਬਨ ਨਿਕਾਸੀ 'ਚ ਕਟੌਤੀ ਤੇ ਨੁਕਸਾਨ ਨਾਲ ਨਜਿੱਠਣ ਲਈ ਵੱਡੇ ਟੀਚੇ ਰੱਖੇ ਜਾਣ।



ਜਕਿਰਯੋਗ ਹੈ ਕਿ 2015 ਵਿੱਚ ਪੈਰਿਸ ਜਲਵਾਯੂ ਸਮਝੌਤਾ ਸਿਰੇ ਚੜ੍ਹਾਉਣ ਵਿੱਚ ਓਬਾਮਾ ਨੇ ਮਹੱਤਵਪੂਰਨ ਭੂਮਿਕਾ ਅਦਾ ਕੀਤੀ ਸੀ। ਉਸ ਵੇਲੇ ਮੁਲਕਾਂ ਨੇ ਜੈਵਿਕ ਈਂਧਨ ਘਟਾਉਣ ਤੇ ਖੇਤੀਬਾੜੀ ਨਾਲ ਜੁੜੀ ਨਿਕਾਸੀ ਵਿੱਚ ਕਟੌਤੀ ਕਰਨ ਉਤੇ ਸਹਿਮਤੀ ਜਤਾਈ ਸੀ ਤਾਂ ਕਿ ਧਰਤੀ ਦੀ ਵੱਧ ਰਹੀ ਤਪਸ਼ ਨੂੰ ਰੋਕਿਆ ਜਾ ਸਕੇ। ਓਬਾਮਾ ਤੋਂ ਬਾਅਦ ਰਾਸ਼ਟਰਪਤੀ ਡੋਨਲਡ ਟਰੰਪ ਨੇ ਪੈਰਿਸ ਸਮਝੌਤੇ ਤੋਂ ਹੱਥ ਪਿਛਾਂਹ ਖਿੱਚ ਲਏ ਸਨ ਤੇ ਜਲਵਾਯੂ ਸੰਮੇਲਨ ਉਸ ਤੋਂ ਬਾਅਦ ਕਿਸੇ ਨਤੀਜੇ ਉਤੇ ਨਹੀਂ ਪਹੁੰਚ ਸਕੇ। ਰਾਸ਼ਟਰਪਤੀ ਜੋਅ ਬਾਇਡਨ ਮੁੜ ਇਸ ਸਮਝੌਤੇ ਦਾ ਹਿੱਸਾ ਬਣ ਗਏ ਹਨ। ਪ੍ਰਸ਼ਾਂਤ ਮਹਾਸਾਗਰ ਵਿੱਚਲੇ ਟਾਪੂ ਮੁਲਕਾਂ ਦੇ ਇੱਕ ਸੈਸ਼ਨ ਨੂੰ ਸੰਬੋਧਨ ਕਰਦਿਆਂ ਓਬਾਮਾ ਨੇ ਕਿਹਾ ਕਿ ਸਾਨੂੰ ਸਾਰਿਆਂ ਨੂੰ ਯੋਗਦਾਨ ਦੇਣਾ ਪਵੇਗਾ, ਕੰਮ ਕਰਨ ਪਏਗਾ ਤੇ ਕੁਝ ਕੁਰਬਾਨੀਆਂ ਵੀ ਕਰਨੀਆਂ ਪੈਣਗੀਆਂ। ਉਨ੍ਹਾਂ ਕਿਹਾ ਕਿ ਜਿਵੇਂ-ਜਿਵੇਂ ਤਾਪਮਾਨ ਵੱਧ ਰਿਹਾ ਹੈ ਸਮੁੰਦਰ ਦਾ ਪੱਧਰ ਖਤਰਨਾਕ ਤਰੀਕੇ ਨਾਲ ਵੱਧ ਰਿਹਾ ਹੈ।



# ਮਾਪਿਆਂ ਵਲੋਂ ਬੱਚਿਆਂ ਦੇ ਉੱਜਵਲ ਭਵਿੱਖ ਪ੍ਰਤੀ ਸੰਜੋਏ ਸੁਪਨੇ ਸਾਰਥਿਕ ਹੋਣ ਕਿਵੇਂ?



ਅਕਸਰ ਹਰ ਮਾਂ-ਬਾਪ ਨੇ ਦਿਲੀ ਸੁਪਨੇ ਸੰਜੋਏ ਹੁੰਦੇ ਹਨ ਕਿ ਉਨ੍ਹਾਂ ਦੇ ਬੱਚੇ ਤੰਦਰੁਸਤ, ਸੂਝਵਾਨ, ਆਗਿਆਕਾਰੀ ਹੋਣ। ਚੰਗਾ ਪੜ੍ਹ-ਲਿਖ ਕੇ ਅਫਸਰ, ਡਾਕਟਰ ਜਾਂ ਸਫ਼ਲ ਬਿਜ਼ਨੈਸਮੈਨ ਬਣਨ। ਉਨ੍ਹਾਂ ਦਾ ਭਵਿੱਖ ਉੱਜਵਲ ਹੋਵੇ ਅਤੇ ਉਹ ਮਾਪਿਆਂ ਦੇ ਬੁਢਾਪੇ ਦੀ ਮਜ਼ਬੂਤ ਲਾਠੀ ਵਾਲਾ ਰੋਲ ਵੀ ਭਲੀਭਾਂਤ ਅਦਾ ਕਰਨ। ਜੇ ਦੇਖਿਆ ਜਾਵੇ ਤਾਂ ਘਰ ਵਿਚ ਬੱਚਿਆਂ ਦੇ ਸਭ ਤੋਂ ਪਹਿਲੇ ਅਤੇ ਪ੍ਰਪੱਕ ਰੋਲ ਮਾਡਲ ਮਾਪੇ ਹੀ ਹੁੰਦੇ ਹਨ। ਜੋ ਮਾਪੇ ਆਪਣਾ ਇਹ ਰੋਲ ਸਹੀ ਤਰੀਕੇ ਨਾਲ ਨਿਭਾਅ ਪਾਉਂਦੇ ਹਨ, ਉਨ੍ਹਾਂ ਦੇ ਬੱਚੇ ਜਿਥੇ ਸਫਲਤਾ ਦੀਆਂ ਮੰਜ਼ਿਲਾਂ ਸਹਿਜੇ ਹੀ ਸਰ ਕਰ ਜਾਂਦੇ ਹਨ, ਉਥੇ ਹੀ ਸਭ ਦੇ ਦਿਲਾਂ 'ਤੇ ਰਾਜ ਵੀ ਕਰਦੇ ਹਨ। ਆਦਰਸ਼ ਮਾਪਿਆਂ ਦੇ ਬੱਚਿਆਂ ਪ੍ਰਤੀ ਕੀ ਫਰਜ਼ ਹਨ ? ਚੰਗੀ ਤਰ੍ਹਾਂ ਜਾਨਣ-ਸਮਝਣ ਦੀ ਲੋੜ ਹੈ।

ਮੰਨ ਲਵੋ ਤੁਹਾਡਾ ਬੱਚਾ ਛੋਟਾ ਹੈ ਯਾਨੀ ਕਿ ਜਨਮ ਤੋਂ 5 ਸਾਲ ਦੀ ਉਮਰ ਵਿਚਾਲੇ ਹੈ ਤਾਂ ਉਸ ਨੂੰ ਖੂਬ ਲਾਡ-ਪਿਆਰ ਦੀ ਲੋੜ ਹੁੰਦੀ ਹੈ। 5 ਤੋਂ 10 ਸਾਲ ਉਮਰ ਵਿਚ ਹੈ ਤਾਂ ਉਸ ਵਲੋਂ ਕੀਤੀ ਗ਼ਲਤੀ ਦਾ ਪਿਆਰ ਪੂਰਵਕ ਅਹਿਸਾਸ ਕਰਵਾਉਂਦਿਆਂ ਹਰ ਗੱਲ ਸਮਝਾਓ। ਬੱਚਾ 10 ਤੋਂ 20 ਸਾਲ ਦੀ ਉਮਰ ਵਿਚ ਹੈ ਤਾਂ ਚੰਗੇ ਦੋਸਤ ਬਣ ਕੇ ਉਸ ਦਾ ਸਾਥ ਨਿਭਾਓ। ਕਈ ਘਰਾਂ ਵਿਚ ਤਾਂ ਬੱਚੇ ਦੇ ਮਨ ਵਿਚ ਪਿਤਾ ਦਾ ਡਰ ਹਊਆ ਬਣਾ ਕੇ ਹੀ ਰੱਖਿਆ ਜਾਂਦਾ ਹੈ, ਜੋ ਕਿ ਗ਼ਲਤ ਹੈ, ਕਿਉਂਕਿ ਜੇਕਰ ਬੱਚੇ ਦੇ ਮਨ ਵਿਚ ਇਹ ਡਰ ਇਕ ਵਾਰੀ ਬੈਠ ਗਿਆ ਤਾਂ ਉਹ ਆਪਣੇ ਪਿਤਾ ਨਾਲ ਨਜ਼ਰਾਂ ਮਿਲਾਉਣ ਅਤੇ ਦਿਲ ਦੀ ਕੋਈ ਵੀ ਗੱਲ ਸਾਂਝੀ ਕਰਨ ਤੋਂ ਕੰਨੀ ਕਤਰਾਉਂਦਾ ਹੀ ਰਹੇਗਾ। ਇਥੇ ਸਵਾਲ ਉੱਠਣਾ ਸੁਭਾਵਿਕ ਹੀ ਹੈ ਕਿ ਮਾਪਿਆਂ ਵਲੋਂ ਆਪਣੇ ਬੱਚਿਆਂ ਨੂੰ ਕਾਮਯਾਬ ਸ਼ਖ਼ਸੀਅਤ ਬਣਾਉਣ ਅਤੇ ਉੱਜਵਲ ਭਵਿੱਖ ਸਿਰਜਣ ਪ੍ਰਤੀ ਜੋ ਸੁਪਨੇ ਆਪਣੇ ਮਨਾਂ 'ਚ ਸੰਜੋਏ ਹੁੰਦੇ ਹਨ, ਉਨ੍ਹਾਂ ਦਾ ਬੱਚਿਆਂ 'ਤੇ ਕੀ ਅਸਰ ਹੁੰਦਾ ਹੈ ? ਅਤੇ ਮਾਪੇ ਆਪਣਾ ਬਣਦਾ ਰੋਲ ਕਿਵੇਂ ਨਿਭਾਉਣ ?



ਮਾਪਿਆਂ ਲਈ ਜ਼ਰੂਰੀ ਹੈ ਕਿ ਉਹ ਆਪਣੇ ਬੱਚਿਆਂ ਲਈ ਲੋੜੀਂਦਾ ਸਮਾਂ ਕੱਢਦਿਆਂ ਉਨ੍ਹਾਂ ਸਮੇਤ ਘੁੰਮਣ-ਫਿਰਨ, ਖ਼ਰੀਦਦਾਰੀ ਅਤੇ ਛੁੱਟੀਆਂ ਮਨਾਉਣ ਲਈ ਜਾਣ ਅਤੇ ਉਨ੍ਹਾਂ ਦੀ ਪਸੰਦ-ਨਾ ਪਸੰਦ ਦਾ ਖਿਆਲ ਰੱਖਣ। ਇਸ ਤਰ੍ਹਾਂ ਜਿਥੇ ਬੱਚਿਆਂ ਦਾ ਤੁਹਾਡੇ ਨਾਲ ਮੋਹ-ਪਿਆਰ ਦਾ ਰਿਸ਼ਤਾ ਗੂੜ੍ਹਾ ਹੋਵੇਗਾ, ਉਥੇ ਹੀ ਉਨ੍ਹਾਂ ਦੇ ਦਿਲਾਂ ਵਿਚ ਸਮਾਜ ਅਤੇ ਤੁਹਾਡੇ ਪ੍ਰਤੀ ਪ੍ਰਤੀਬੱਧਤਾ ਵੀ ਪੈਦਾ ਹੋਵੇਗੀ।

ਕਈ ਵਾਰ ਤਾਂ ਦੇਖਣ-ਸੁਣਨ ਵਿਚ ਆਉਂਦਾ ਹੈ ਕਿ ਕੁਝ ਮਾਪੇ ਆਪਣੇ ਬੱਚਿਆਂ ਦੀ ਅੰਦਰੂਨੀ ਸਮਰੱਥਾ, ਯੋਗਤਾ ਤੋਂ ਕਈ ਗੁਣਾ ਵਧੇਰੇ ਆਸ ਕਰਦਿਆਂ ਪੜ੍ਹਾਈ 'ਚੋਂ ਪਹਿਲੇ ਨੰਬਰ, ਮੈਰਿਟ 'ਚ ਆਉਣ ਜਾਂ ਖੇਡਾਂ 'ਚੋਂ ਪੁਜ਼ੀਸ਼ਨ ਹਾਸਲ ਕਰਨ ਆਦਿ ਸਬੰਧੀ ਬੇਲੋੜਾ ਦਬਾਅ ਬਣਾ ਕੇ ਰੱਖਦੇ ਹਨ, ਜਿਸ ਸਦਕਾ ਜਿਥੇ ਬੱਚਾ ਸਹਿਮਿਆ, ਤਣਾਅ, ਹੀਣਭਾਵਨਾ ਗ੍ਰਸਤ, ਚਿੜਚਿੜਾ ਅਤੇ ਚੁੱਪਚਾਪ ਜਿਹਾ ਰਹਿਣ ਲਗਦਾ ਹੈ, ਉਥੇ ਹੀ ਇਹ ਅਗਿਆਨਤਾਵੱਸ ਪਾਇਆ ਜਾ ਰਿਹਾ ਦਬਾਅ ਬੱਚੇ ਦੇ ਪੈਰਾਂ ਲਈ ਇਕ ਤਰ੍ਹਾਂ ਦੀ ਬੇੜੀ ਵੀ ਬਣ ਸਕਦਾ ਹੈ। ਮੁੱਕਦੀ ਗੱਲ ਹੈ ਕਿ ਮਾਪੇ ਬੱਚਿਆਂ ਲਈ ਮੁਢਲੇ ਅਤੇ ਭਰੋਸੇਯੋਗ ਰਾਹ ਦਸੇਰੇ ਹਨ। ਜੇ ਉਹ ਆਪਣਾ ਇਹ ਰੋਲ ਸਿਆਣਪ ਨਾਲ ਨਿਭਾਉਣ ਵਿਚ ਸਫਲ ਹੁੰਦੇ ਹਨ ਤਾਂ ਆਪਣੇ ਮਨਾਂ ਵਿਚ ਬੱਚਿਆਂ ਦੇ ਉਜਵਲ ਭਵਿੱਖ ਪ੍ਰਤੀ ਸੰਜੋਏ ਸੁਪਨੇ ਇੰਨ-ਬਿੰਨ ਸਿਰਜ ਅਤੇ ਸਾਕਾਰ ਕਰ ਲੈਂਦੇ ਹਨ।

# ਜੀਵਨ ਦਾ ਨਿਸ਼ਾਨਾ



- ਹਰਦੇਵ ਚੌਹਾਨ

ਕਿਸੇ ਛੋਟੇ ਜਿਹੇ ਬੱਚੇ ਨੂੰ ਪੁੱਛਿਆ ਜਾਵੇ ਕਿ ਉਹ ਵੱਡਾ ਹੋ ਕੇ ਕੀ ਬਣਨਾ ਚਾਹੁੰਦਾ ਹੈ ? ਜਵਾਬ 'ਚ ਉਹ ਬੱਚਾ ਆਪਣਾ ਸਿਰ ਸੁੱਟ ਕੇ ਧਿਆਨ ਨੀਵਾਂ ਕਰ ਲਵੇਗਾ। ਇਸ ਦੇ ਉਲਟ ਸੁਲਝੇ ਹੋਏ ਬਾਹਰਲੇ ਮੁਲਕਾਂ ਦੇ ਛੋਟੇ-ਛੋਟੇ ਬੱਚੇ ਵੀ ਆਪਣੇ ਜੀਵਨ ਦਾ ਨਿਸ਼ਾਨਾ ਮਿੱਥ ਚੁੱਕੇ ਹੁੰਦੇ ਹਨ। ਉਹ ਅਧਿਆਪਕ, ਡਾਕਟਰ, ਫਿਲਮਸਾਜ਼, ਐਨੀਮੇਟਰ, ਪੁਲਿਸ ਅਫਸਰ ਤੇ ਪਾਇਲਟ ਆਦਿ ਬਣਨ ਲਈ ਲੋੜੀਂਦੀ ਪੜ੍ਹਾਈ ਸ਼ੁਰੂ ਕਰ ਕੇ ਅੰਤ ਨੂੰ ਆਪਣਾ ਮਨਚਾਹਿਆ ਜੀਵਨ ਟੀਚਾ ਪ੍ਰਾਪਤ ਕਰ ਲੈਂਦੇ ਹਨ।

ਮਾਂ-ਬਾਪ ਤੇ ਮੌਜੂਦਾ ਵਾਤਾਵਰਨ ਬੱਚੇ ਦੀਆਂ ਆਦਤਾਂ ਸੁਆਰਨ ਤੇ ਵਿਗਾੜਨ 'ਚ ਬੜੇ ਸਹਾਈ ਹੁੰਦੇ ਹਨ। ਦੇਖੋ-ਦੇਖੀ ਇਕ ਸ਼ਰਾਬੀ ਪਿਓ ਦਾ ਬੱਚਾ ਪਾਣੀ ਵੀ ਸ਼ਰਾਬ ਵਾਂਗ ਪੀਂਦਾ ਹੈ, ਉਹ ਸ਼ਰਾਬੀਆਂ ਵਾਂਗ ਜ਼ੀਮਨ 'ਤੇ ਲਿਟਦਾ ਹੈ। ਮਾਂ-ਬਾਪ ਉਸ ਦੀ ਐਕਟਿੰਗ ਵੇਖ ਕੇ ਖ਼ੁਸ਼ ਹੁੰਦੇ ਹਨ। ਬੱਚੇ ਨੇ ਇਹ ਸਾਰਾ ਕੁਝ ਆਪਣੇ ਬਾਪ ਤੋਂ ਸਿੱਖਿਆ ਹੁੰਦਾ ਹੈ। ਇਸ ਲਈ ਉਹ ਸ਼ਰਾਬੀਆਂ ਵਾਲੇ ਖੇਖਣ ਕਰਦਾ ਹੈ। ਬੱਚਾ ਤਾਂ ਬੱਚਾ ਹੁੰਦਾ ਹੈ। ਉਸ ਨੂੰ ਜ਼ਹਿਰ ਵਰਗੀ ਸ਼ਰਾਬ ਦੇ ਭਿਆਨਕ ਨਤੀਜਿਆਂ ਦਾ ਪਤਾ ਨਹੀਂ ਹੁੰਦਾ। ਉਸ ਨੂੰ ਪਤਾ ਨਹੀਂ ਹੁੰਦਾ ਕਿ ਸ਼ਰਾਬ ਪੀਣ ਨਾਲ ਘਰਾਂ ਦੇ ਘਰ ਬਰਬਾਦ ਹੋ ਜਾਂਦੇ ਹਨ। ਜੇ ਬੱਚੇ ਨੂੰ ਸਮਝਾਇਆ ਜਾਵੇ ਕਿ ਗੰਦ 'ਚ ਲਿਟਣ ਵਾਲੇ ਸੂਰ ਤੇ ਸ਼ਰਾਬੀ 'ਚ ਕੋਈ ਖ਼ਾਸ ਫ਼ਰਕ ਨਹੀਂ ਹੁੰਦਾ ਤਾਂ ਬੱਚਾ ਆਪਣੇ ਬਚਪਨ 'ਚ ਹੀ ਸ਼ਰਾਬੀਪੁਣੇ ਨੂੰ ਹਮੇਸ਼ਾਲਈ ਤਿਆਗ ਸਕਦਾ ਹੈ।

ਘਰ-ਘਰ 'ਚ ਸਮਾਰਟਫੋਨ, ਟੀਵੀ ਤੇ ਲੈਪਟਾਪ ਆ ਗਏ ਹਨ। ਬੱਚੇ ਪੜ੍ਹਾਈ ਨਾਲੋਂ ਜ਼ਿਆਦਾ ਇਨ੍ਹਾਂ ਉਪਕਰਨਾਂ ਨੂੰ ਜ਼ਰੂਰੀ ਸਮਝਣ ਲੱਗ ਪਏ ਹਨ। ਉਹ ਲੱਚਰ ਸਮੱਗਰੀ, ਡਰਾਮੇ, ਮਾਰੂ ਖੇਡਾਂ ਤੇ ਫਿਲਮਾਂ ਨੂੰ ਬੜੇ ਗਹੁ ਨਾਲ ਦੇਖਦੇ ਹਨ। ਸਿਗਰਟ ਪੀਂਦੇ ਹੀਰੋ ਤੋਂ ਪ੍ਰਭਾਵਿਤ ਹੋ ਕੇ ਉਹ ਵੀ ਖ਼ਾਲੀ ਕਾਗਜ਼ ਦੀ ਸਿਗਰਟ ਸੁਲਘਾ ਕੇ ਪੀਂਦੇ ਹਨ। ਉਹ ਨਕਲੀ ਧੂੰਏ ਦੇ ਗੁਬਾਰੇ ਬਣਾਉਦੇ ਹਨ ਤੇ ਬੜੇ ਖ਼ੁਸ਼ ਹੁੰਦੇ ਹਨ। ਕਾਗ਼ਜ਼ ਦੀ ਸਿਗਰਟ ਤੋਂ ਬਾਅਦ ਉਹ ਸੱਚਮੁੱਚ ਦੀ ਸਿਗਰਟ ਪੀਣਾ ਲੋਚਦੇ ਹਨ। ਇਧਰੋਂ-ਉਧਰੋਂ ਪੈਸੇ ਚੁਰਾ ਕੇ ਉਹ ਚੋਰੀ ਛਿਪੇ ਸਿਗਰਟ, ਬੀੜੀ ਪੀਂਦੇ ਹਨ। ਉਨ੍ਹਾਂ ਵਿਚਾਰਿਆਂ ਨੂੰ ਸਿਗਰਟ, ਬੀੜੀ ਤੇ ਹੋਰ ਨਸ਼ਿਆਂ ਦੇ ਮਾਰੂ ਨਤੀਜਿਆਂ ਦਾ ਗਿਆਨ ਨਹੀਂ ਹੁੰਦਾ। ਸਿਗਰਟ ਤੇ ਹੋਰ ਨਸ਼ੇ ਸਾਡੇ ਸਾਹ-ਪ੍ਰਬੰਧ ਨੂੰ ਤਹਿਸ-ਨਹਿਸ ਕਰ ਦਿੰਦੇ ਹਨ। ਸਾਹ-ਰੋਗ, ਫੇਫੜਿਆਂ ਦਾ ਕੈਂਸਰ ਤੇ ਦੰਦਾਂ ਦਾ ਖ਼ਰਾਬ ਹੋਣਾ ਤੰਬਾਕੂ ਪੀਣ ਦਾ ਹੀ ਸਿੱਟਾ ਹੁੰਦਾ ਹੈ। ਘਰ 'ਚ ਮਾਪੇ, ਸਕੂਲ 'ਚ ਅਧਿਆਪਕ ਤੇ ਸਮਾਜ 'ਚ ਵੱਡ-ਵਡੇਰੇ ਜੇ ਚਾਹੁਣ ਤਾਂ ਬੱਚਿਆਂ ਨੂੰ ਇਹ ਸਾਰਾ ਕੁਝ ਬੜੀ ਆਸਾਨੀ ਨਾਲ ਸਮਝਾ ਸਕਦੇ ਹਨ।

ਬੱਚੇ ਮਾੜੀਆਂ ਆਦਤਾਂ ਦੇ ਨਾਲ-ਨਾਲ ਚੰਗੀਆਂ ਆਦਤਾਂ ਦਾ ਪ੍ਰਗਟਾਵਾ ਵੀ ਕਰਦੇ ਹਨ। ਬਿਮਾਰ ਮਾਂ ਦੇ ਕੋਲ ਬੈਠਾ ਹੋਇਆ ਇਕ ਬੱਚਾ ਤੀਲੇ ਦਾ ਟੀਕਾ ਬਣਾ ਕੇ ਆਪਣੀ ਮਾਂ ਨੂੰ ਲਗਾਉਂਦਾ ਹੈ। ਇਹ ਵਿਹਾਰ ਬੱਚੇ ਦੀਆਂ ਡਾਕਟਰ ਬਣਨ ਵਾਲੀਆਂ ਰੁਚੀਆਂ ਨੂੰ ਪ੍ਰਗਟਾਉਂਦਾ ਹੈ। ਅਜਿਹੇ ਬੱਚੇ ਨੂੰ ਸਿਹਤ ਵਿਗਿਆਨ ਬਾਰੇ ਜਾਣਕਾਰੀ ਦਿੱਤੀ ਜਾਵੇ ਤਾਂ ਇਕ ਦਿਨ ਉਹ ਜ਼ਰੂਰ ਡਾਕਟਰ ਬਣ ਸਕਦਾ ਹੈ।

ਘਰ 'ਚ ਪੜ੍ਹਾਈ-ਲਿਖਾਈ ਦਾ ਮਾਹੌਲ ਬੱਚੇ ਨੂੰ ਸਿਆਣਾ ਬਣਨ ਦੀ ਪ੍ਰੇਰਨਾ ਦਿੰਦਾ ਹੈ। ਅਜਿਹੇ ਘਰ 'ਚ ਛੋਟਾ ਜਿਹਾ ਬੱਚਾ ਨਿੱਕੀ ਜਿਹੀ ਸੋਟੀ ਫੜ ਕੇ ਆਪਣੇ ਵੱਡੇ ਭਰਾ ਨੂੰ ਹੋਮਵਰਕ ਕਰਨ ਲਈ ਕਹਿੰਦਾ ਹੈ। ਸੁੱਤੀ ਹੋਈ ਭੈਣ ਨੂੰ ਜਗਾਉਣ ਵਾਲਾ ਕੋਈ ਬੱਚਾ ਜਦੋਂ ਇਹ ਕਹਿੰਦਾ ਹੈ ਕਿ ਦੀਦੀ ! ਘੜੀ ਦਾ ਅਲਾਰਮ ਵੱਜ ਚੁੱਕਾ ਹੈ, ਸਕੂਲ ਜਾਣ ਦੀ ਤਿਆਰੀ ਕਰ ਤਾਂ ਉਹ ਬੱਚਾ ਸਮੇਂ ਦੀ ਮਹਾਨਤਾ ਨੂੰ ਸਮਝਣ ਦੇ ਕਾਬਲ ਹੁੰਦਾ ਹੈ। ਅਜਿਹੇ ਬੱਚੇ ਸੁਚੱਜੀ ਅਗਵਾਈ ਨਾਲ ਇਕ ਦਿਨ ਸਮੇਂ ਦੇ ਪਾਬੰਦ ਹੋ ਕੇ ਮਹਾਨ ਨਾਗਰਿਕ ਬਣਨ ਦੇ ਯੋਗ ਹੋ ਜਾਂਦੇ ਹਨ।

ਕਈ ਬੱਚੇ, ਰੋਟੀਆਂ ਪਕਾ ਰਹੀ ਅੰਮੀ ਕੋਲੋਂ ਆਟਾ ਲੈ ਕੇ ਗੱਡੀ ਦਾ ਇੰਜਣ ਬਣਾਉਂਦੇ ਹਨ। ਅਜਿਹੇ ਬੱਚੇ ਮਸ਼ੀਨਰੀ ਵੱਲ ਰੁਚਿਤ ਹੁੰਦੇ ਹਨ। ਇਨ੍ਹਾਂ ਬੱਚਿਆਂ ਨੂੰ ਕਲਪੁਰਜ਼ੇ ਤੇ ਮਸ਼ੀਨਾਂ ਬਾਰੇ ਜਾਣਕਾਰੀ ਦਿੱਤੀ ਜਾਵੇ ਤਾਂ ਇਹ ਬੱਚੇ ਅੱਗੇ ਚੱਲ ਕੇ ਇੰਜੀਨੀਅਰ ਬਣ ਸਕਦੇ ਹਨ।

ਛੋਟੇ ਬੱਚੇ ਆਪਣੇ ਵੱਡੇ ਭੈਣ-ਭਰਾਵਾਂ ਦੇ ਬਸਤਿਆਂ ਵਿਚੋਂ ਪੈੱਨ-ਪੈਨਸਿਲਾਂ ਕੱਢ ਕੇ ਆਪਣੀ ਕਲਾ ਦੀ ਰੁਚੀ ਦਾ ਪ੍ਰਗਟਾਵਾ ਕਰਨ ਲਈ ਕੰਧਾਂ, ਫਰਸ਼, ਸਿਰਹਾਣੇ ਤੇ ਚਾਦਰਾਂ 'ਤੇ ਇੱਲ-ਬਤੌੜੇ ਝਰੀਟ ਦਿੰਦੇ ਹਨ। ਅਜਿਹਾ ਕਰਨ 'ਤੇ ਮਾਂ-ਪਿਓ ਬੱਚਿਆਂ ਨੂੰ ਪਿਆਰਨ, ਦੁਲਾਰਨ ਦੀ ਥਾਂ ਝਿੜਕਦੇ ਹਨ। ਇਸ ਵਰਤਾਰੇ ਨਾਲ ਬੱਚਿਆਂ ਦੇ ਕੋਮਲ ਮਨਾਂ 'ਚ ਡਰ ਪੈਂਦਾ ਹੋ ਜਾਂਦਾ ਹੈ। ਇਸ ਦੇ ਉਲਟ ਕੰਧਾਂ, ਕੱਪੜਿਆਂ 'ਤੇ ਲਕੀਰਾਂ ਮਾਰਨ ਵਾਲੇ ਬੱਚੇ ਨੂੰ ਇਕ ਸਲੇਟ ਜਾਂ ਕਾਪੀ ਤੇ ਰੰਗੀਨ ਪੈਨਸਿਲ ਲੈ ਦਿਓ। ਫੇਰ ਦੇਖੋ, ਉਹ ਬੱਚਾ ਚਾਈਂ-ਚਾਈਂ ਕਿਵੇਂ ਲਿਖਣਾ-ਪੜ੍ਹਨਾ ਸਿਖਦਾ ਹੈ ਤੇ ਕਿਵੇਂ ਆਪਣੇ ਅੰਦਰ ਲੁਕੀ ਕਲਾ ਨੂੰ ਨਿਖ਼ਾਰਨ ਲਈ ਯਤਨਸ਼ੀਲ ਹੁੰਦਾ ਹੈ। ਸ਼ੁਰੂ ਤੋਂ ਹੀ ਲਿਖਣ-ਪੜ੍ਹਨ ਵਲ ਰੁਚਿਤ ਕੀਤੇ ਹੋਏ ਬੱਚੇ ਹੀ ਅੱਗੇ ਚੱਲ ਕੇ ਦੇਸ਼ ਦੀ ਉਸਾਰੀ ਕਰਨ ਲਈ ਵਧ-ਚੜ੍ਹ ਕੇ ਹਿੱਸੇਦਾਰ ਬਣਦੇ ਹਨ।

ਰਾਕੇਟ, ਮਿਜ਼ਾਈਲਾਂ ਤੇ ਸੈਟੇਲਾਈਟਾਂ 'ਚ ਪਹਿਲਾਂ ਤੋਂ ਹੀ ਨਿਸ਼ਚਿਤ ਸਮਾਂ ਸਾਰਣੀ ਵਾਲੇ ਯੰਤਰ ਤੇ ਕਲਪੁਰਜ਼ੇ ਫਿੱਟ ਕਰ ਦਿੱਤੇ ਜਾਂਦੇ ਹਨ, ਜੋ ਅਜਿਹੇ ਯੰਤਰਾਂ ਨੂੰ ਆਪਣੀ ਮੰਜ਼ਿਲ 'ਤੇ ਪਹੁੰਚਣ ਵਿਚ ਸਹਾਈ ਹੁੰਦੇ ਹਨ। ਕੀ ਮਜ਼ਾਲ ਇਹ ਮਸ਼ੀਨਾਂ ਆਪਣੇ ਮਿੱਥੇ ਹੋਏ ਨਿਸ਼ਾਨੇ ਤੋਂ ਰਤੀ ਭਰ ਵੀ ਇਧਰ-ਉਧਰ ਹੋ ਜਾਣ। ਇਨ੍ਹਾਂ ਮਸ਼ੀਨਾਂ ਵਾਂਗ ਅੱਜ ਦੇ ਬੱਚੇ ਤੇ ਕੱਲ੍ਹ ਦੇ ਵਾਰਿਸਾਂ ਨੂੰ ਚੰਗੇਰੇ ਵਾਤਾਵਰਨ 'ਚ ਸੁਚੱਜੀਆਂ ਆਦਤਾਂ ਸਿਖਾ ਕੇ ਬੜ ਸਿਆਣੇ ਤੇ ਜ਼ਿੰਮੇਵਾਰ ਮਨੁੱਖ ਵੀ ਬਣਾਇਆ ਜਾ ਸਕਦਾ ਹੈ। ਆਪਣੇ ਜੀਵਨ ਦੇ ਨਿਸ਼ਾਨੇ ਪ੍ਰਤੀ ਸੁਚੇਤ ਬੱਚੇ ਕਦਮ-ਬ-ਕਦਮ ਆਪਣੀ ਮਿੱਥੀ ਹੋਈ ਮੰਜ਼ਿਲ 'ਤੇ ਪਹੁੰਚ ਹੀ ਜਾਂਦੇ ਹਨ।

# ਚਰਨਜੀਤ ਸਿੰਘ ਚੰਨੀ ਸਰਕਾਰ ਦੇ 5 ਵੱਡੇ .ਫੈਸਲੇ, ਸਿੱਧੂ ਵੀ ਹੋਏ ਬਾਗ਼ੋਬਾਗ਼

ਕਰ ਲਿਆ ਹੈ।

ਪੰਜਾਬ ਵਿੱਚ ਕੱਚੇ ਮੁਲਾਜ਼ਮ ਕਿੰਨੇ ਹਨ ?

ਪੰਜਾਬ ਵਿਚ ਇਸ ਸਮੇਂ ਵੱਖ ਵੱਖ ਵਿਭਾਗਾਂ ਵਿੱਚ ਕਰੀਬ 66,000 ਕੰਟਰੈਕਟ ਕਾਮੇ ਹਨ ਅਤੇ ਇਹ ਸਾਰੇ ਕੰਟਰੈਕਟ ਇੰਪਲਾਈਜ਼ ਐਕਸ਼ਨ ਕਮੇਟੀ ਦੇ ਬੈਨਰ ਹੇਠ ਪੱਕੇ ਕਰਨ ਦੀ ਪਿਛਲੇ ਕਾ.ਫੀ ਸਮੇਂ ਤੋਂ ਮੰਗ ਕਰਦੇ ਆ



ਰਹੇ ਹਨ।

ਜੇ 66 ਹਜ਼ਾਰ ਕੱਚੇ ਮੁਲਾਜ਼ਮਾਂ ਦੀ ਗੱਲ ਕੀਤੀ ਜਾਵੇ ਤਾਂ ਇਸ ਵਿੱਚ 32,166 ਵੱਖ-ਵੱਖ ਵਿਭਾਗਾਂ ਵਿਚ ਐਡਹਾਕ/ਕੰਟਰੈਕਟ ਕਰਮਚਾਰੀ ਹਨ, ਜਦਕਿ 34,007 ਕਰਮਚਾਰੀ ਬੋਰਡ ,ਕਾਰਪੋਰੇਸ਼ਨਾਂ ਤੇ ਜਨਤਕ ਖੇਤਰ ਵਿਚ ਕੰਮ ਕਰਦੇ ਹਨ।

ਕੈਪਟਨ ਅਮਰਿੰਦਰ ਨੇ ਸਬ ਕਮੇਟੀ ਦਾ ਗਠਨ ਕੀਤਾ ਸੀ

ਕੰਟਰੈਕਟ ਇੰਪਲਾਈਜ਼ ਐਕਸ਼ਨ ਕਮੇਟੀ ਦੇ ਕਾਮੇ ਪਿਛਲੇ ਕਾ.ਫੀ ਸਮੇਂ ਤੋਂ ਧਰਨੇ ਪ੍ਰਦਰਸ਼ਨਾਂ ਰਾਹੀਂ ਸੂਬਾ ਸਰਕਾਰ ਤੱਕ ਆਪਣੀ ਆਵਾਜ਼ ਪਹੁੰਚਾ ਰਹੇ ਸਨ। ਇਸ ਕਰਕੇ ਕੈਪਟਨ ਅਮਰਿੰਦਰ ਸਿੰਘ ਨੇ ਮੁੱਖ ਮੰਤਰੀ ਹੁੰਦਿਆਂ ਇਨ੍ਹਾਂ ਮੰਗਾਂ ਦੀ ਪੂਰਤੀ ਲਈ ਕੈਬਨਿਟ ਸਬ ਕਮੇਟੀ ਦਾ ਗਠਨ ਕੀਤਾ ਸੀ।

ਇਸ ਕਮੇਟੀ ਵਿਚ ਤਤਕਾਲੀ ਕੈਬਨਿਟ ਮੰਤਰੀ ਬ੍ਰਹਮ ਮਹਿੰਦਰਾ, ਮਨਪ੍ਰੀਤ ਸਿੰਘ ਬਾਦਲ, ਤ੍ਰਿਪਤ ਰਜਿੰਦਰ ਸਿੰਘ ਬਾਜਵਾ ਅਤੇ ਉਸ ਸਮੇਂ ਦੇ ਕੈਬਨਿਟ ਮੰਤਰੀ ਚਰਨਜੀਤ ਸਿੰਘ ਚੰਨੀ (ਮੌਜੂਦਾ ਮੁੱਖ ਮੰਤਰੀ) ਸ਼ਾਮਲ ਸਨ।

ਕਮੇਟੀ ਆਪਣੀ ਅੰਤਿਮ ਰਿਪੋਰਟ ਪਹਿਲਾਂ ਹੀ ਸਰਕਾਰ ਨੂੰ ਸੌਂਪ ਚੁੱਕੀ ਸੀ।

ਕਾਂਗਰਸ ਦਾ ਚੋਣ ਵਾਅਦਾ ਸੀ ਕੱਚੇ ਕਾਮਿਆਂ ਨੂੰ ਪੱਕਾ ਕਰਨਾ

2017 ਦੀਆਂ ਵਿਧਾਨ ਸਭਾ ਚੋਣਾਂ ਤੋਂ ਪਹਿਲਾਂ ਕਾਂਗਰਸ ਪਾਰਟੀ ਨੇ ਕੈਪਟਨ ਅਮਰਿੰਦਰ ਸਿੰਘ ਦੀ ਅਗਵਾਈ ਵਿੱਚ ਸਾਰੇ ਕੱਚੇ ਕਾਮਿਆਂ ਨੂੰ ਪੱਕਾ ਕਰਨ ਦਾ ਵਾਅਦਾ ਕੀਤਾ ਸੀ। ਕੈਪਟਨ ਅਮਰਿੰਦਰ ਸਿੰਘ ਨੇ ਆਖਿਆ ਸੀ ਕਿ ਸਰਕਾਰ ਦੇ ਗਠਨ ਤੋਂ ਬਾਅਦ ਪਹਿਲ ਦੇ ਆਧਾਰ ਉੱਤੇ ਇਨ੍ਹਾਂ ਸਾਰੇ ਕਾਮਿਆਂ ਨੂੰ ਪੱਕਾ ਕੀਤਾ ਜਾਵੇਗਾ।ਸਰਕਾਰ ਗਠਨ ਤੋਂ ਬਾਅਦ ਜਦੋਂ ਵਾਅਦਾ ਪੂਰਾ ਨਹੀਂ ਹੋਇਆ ਤਾਂ ਕੰਟਰੈਕਟ ਇੰਪਲਾਈਜ਼ ਐਕਸ਼ਨ ਕਮੇਟੀ ਨੇ ਸੂਬੇ ਵਿਚ ਧਰਨਾ ਪ੍ਰਦਰਸ਼ਨ ਕਰਨਾ ਸ਼ੁਰੂ ਕਰ ਦਿੱਤਾ ਸੀ।

ਪੰਜਾਬ ਦੇ ਸਰਕਾਰੀ ਮੁਲਾਜ਼ਮਾਂ ਦਾ ਲੇਖਾ-ਜੋਖਾ - ਪੰਜਾਬ ਸਰਕਾਰ ਦੇ ਵੇਰਵਿਆਂ ਮੁਤਾਬਕ ਸੂਬੇ ਵਿਚ 2 ਲੱਖ 85 ਹਜ਼ਾਰ ਸਰਕਾਰੀ ਮੁਲਾਜ਼ਮ ਹਨ ਜਦਕਿ 3 ਲੱਖ 7 ਹਜ਼ਾਰ ਪੈਨਸ਼ਨਰ ਹਨ।ਇਸ ਤਰੀਕੇ ਨਾਲ ਜੇਕਰ ਬੋਰਡ ਅਤੇ ਕਾਰਪੋਰੇਸ਼ਨਾਂ ਦੀ ਗੱਲ ਕੀਤੀ ਜਾਵੇ ਤਾਂ ਪੰਜਾਬ ਕਰਮਚਾਰੀ ਜਨਗਣਨਾ 2018 ਦੇ ਅੰਕੜਿਆਂ ਮੁਤਾਬਕ 48 ਹਜ਼ਾਰ 673 ਕਾਮੇ ਕੰਮ ਕਰ ਰਹੇ ਹਨ ਜਦਕਿ ਨਗਰ ਨਿਗਮ ਵਿਚ 1 ਲੱਖ 70 ਹਜ਼ਾਰ ਕਾਮੇ ਹਨ।

ਅੰਕੜਿਆਂ ਮੁਤਾਬਕ ਬੋਰਡ, ਕਾਰਪੋਰੇਸ਼ਨਾਂ ਵਿਚ ਇੱਕ ਲੱਖ 45 ਹਜ਼ਾਰ 336 ਅਸਾਮੀਆਂ ਸਰਕਾਰ ਵੱਲੋਂ ਮਨਜ਼ੂਰਸ਼ੁਦਾ ਹਨ ਜਦੋਂ ਕਿ ਇਸ ਵਿਚੋਂ ਸਿਰ.ਫ 78 ਹਜ਼ਾਰ 570 ਅਸਾਮੀਆਂ ਹੀ ਭਰੀਆਂ ਹੋਈਆਂ ਹਨ।

# ਰੰਧਾਵਾ ਦੇ ਜਵਾਈ ਨੂੰ ਬਣਾਇਆ ਗਿਆ ਐਡੀਸ਼ਨਲ ਏਜੀ, ਵਿਰੋਧੀ ਧਿਰ ਨੇ ਕਿਹਾ 'ਘਰ ਘਰ ਨੌਕਰੀ' ਦਾ ਵਾਅਦਾ ਪੂਰਾ

ਵੱਲੋਂ ਆਰਜ਼ੀ ਤੌਰ @ਤੇ ਐਡੀਸ਼ਨਲ ਐਡਵੋਕੇਟ ਜਨਰਲ ਦੇ ਅਹੁਦੇ @ਤੇ ਪੰਜਾਬ ਸਰਕਾਰ ਲਈ ਕਈ ਕਾਨੂੰਨੀ ਕੇਸ ਲੜਨ ਲਈ ਆਖਿਆ ਗਿਆ ਹੈ।ਇੱਕ ਨੋਟੀਫਿਕੇਸ਼ਨ ਮੁਤਾਬਕ ਐਡਵੋਕੇਟ ਤਰੁਨਦੀਪ 31 ਮਾਰਚ 2022 ਤੱਕ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਵਿੱਚ ਪੰਜਾਬ ਸਰਕਾਰ ਲਈ ਕਈ ਕੇਸਾਂ ਵਿੱਚ ਮੌਜੂਦ ਰਹਿਣਗੇ।ਉਹ ਇਹ ਸਭ ਪੰਜਾਬ ਸਰਕਾਰ ਦੇ ਐਡਵੋਕੇਟ ਜਨਰਲ ਦੀ ਨਿਗਰਾਨੀ ਹੇਠ ਕਰਨਗੇ। ਫਿਲਹਾਲ ਇਹ ਆਰਜ਼ੀ ਤੌਰ @ਤੇ ਹੈ ਅਤੇ ਉਨ੍ਹਾਂ ਦੀਆਂ ਸੇਵਾਵਾਂ ਨੂੰ ਵਧਾਇਆ ਵੀ ਜਾ ਸਕਦਾ ਹੈ।

ਇਸ ਤੋਂ ਪਹਿਲਾਂ ਵੀ ਕਈ ਮੰਤਰੀਆਂ ਅਤੇ ਵਿਧਾਇਕਾਂ ਦੇ ਕਰੀਬੀ ਰਿਸ਼ਤੇਦਾਰਾਂ ਨੂੰ ਸਰਕਾਰ ਵਿੱਚ ਅਹਿਮ ਅਹੁਦੇ ਅਤੇ ਸਰਕਾਰੀ ਨੌਕਰੀਆਂ ਦੇਣ ਦੇ ਮਾਮਲੇ ਵਿੱਚ ਵਿਵਾਦ ਹੋਏ ਹਨ।

ਸਿਆਸੀ ਵਿਰੋਧੀਆਂ ਦੇ ਨਿਸ਼ਾਨੇ @ਤੇ ਰੰਧਾਵਾ ਤੇ ਪੰਜਾਬ ਸਰਕਾਰ

ਇਸ ਨੋਟੀਫਿਕੇਸ਼ਨ ਤੋਂ ਬਾਅਦ ਪੰਜਾਬ ਦੇ ਉੱਪ ਮੁੱਖ ਮੰਤਰੀ ਸੁਖਜਿੰਦਰ ਰੰਧਾਵਾ ਤੇ ਪੰਜਾਬ ਸਰਕਾਰ ਵਿਰੋਧੀ ਪਾਰਟੀਆਂ ਦੇ ਨਿਸ਼ਾਨੇ @ਤੇ ਆ ਗਈ ਹੈ।

ਸ਼੍ਰੋਮਣੀ ਅਕਾਲੀ ਦਲ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਕਿਹਾ,÷ਪੰਜਾਬ ਦੇ ਲੋਕਾਂ ਨਾਲ ਇਸ ਤੋਂ ਵੱਡਾ ਧੋਖਾ ਕੀ ਹੋ ਸਕਦਾ ਹੈ ਕਿ ਕਾਂਗਰਸ ਆਪਣੇ ਹੀ ਮੰਤਰੀਆਂ ਅਤੇ ਵਿਧਾਇਕਾਂ ਦੇ ਬੱਚਿਆਂ ਨੂੰ ਨੌਕਰੀਆਂ ਦੇ ਰਹੀ ਹੈ।÷ਸੁਖਬੀਰ ਸਿੰਘ ਬਾਦਲ ਨੇ ਕਾਂਗਰਸ @ਤੇ ਤੰਜ ਕੱਸਦਿਆਂ ਕਿਹਾ ਕਿ ਕਾਂਗਰਸ ਆਪਣਾ @ਘਰ ਘਰ ਨੌਕਰੀ@ ਦਾ ਵਾਅਦਾ ਪੂਰਾ ਕਰ ਰਹੀ ਹੈ। ਕਾਂਗਰਸ ਨੇ ਆਪਣੇ ਮੰਤਰੀਆਂ ਅਤੇ ਵਿਧਾਇਕਾਂ ਦੇ ਰਿਸ਼ਤੇਦਾਰਾਂ ਨੂੰ ਨੌਕਰੀਆਂ ਦੇਣੀਆਂ ਹਨ।

ਜ਼ਿਕਰਯੋਗ ਹੈ ਕਿ ਪੰਜਾਬ ਦੀਆਂ 2017 ਵਿਧਾਨ ਸਭਾ ਚੋਣਾਂ ਤੋਂ ਪਹਿਲਾਂ ਪੰਜਾਬ ਕਾਂਗਰਸ ਵੱਲੋਂ ਵਾਅਦਾ ਕੀਤਾ ਗਿਆ ਸੀ ਕਿ ਹਰ ਘਰ ਵਿੱਚ ਇੱਕ ਨੌਕਰੀ ਦਿੱਤੀ ਜਾਵੇਗੀ ਅਤੇ @ਘਰ ਘਰ ਨੌਕਰੀ@ ਦਾ ਨਾਅਰਾ ਦਿੱਤਾ ਗਿਆ ਸੀ।

ਆਮ ਆਦਮੀ ਪਾਰਟੀ ਦੇ ਪੰਜਾਬ ਮਾਮਲਿਆਂ ਦੇ ਇੰਚਾਰਜ ਰਾਘਵ ਚੱਢਾ ਨੇ ਵੀ ਆਖਿਆ ਕਿ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਕੈਪਟਨ ਅਮਰਿੰਦਰ ਸਿੰਘ ਦੀ ਵਿਰਾਸਤ ਨੂੰ ਅੱਗੇ ਲੈ ਕੇ ਜਾ ਰਹੇ ਹਨ। ਹੁਣ ਉਪ ਮੁੱਖ ਮੰਤਰੀ ਰੰਧਾਵਾ ਦੇ ਪਰਿਵਾਰਕ ਮੈਂਬਰ ਨੂੰ @ਘਰ ਘਰ ਨੌਕਰੀ@ ਦਾ .ਫਾਇਦਾ ਮਿਲਿਆ ਹੈ।ਉੱਧਰ ਪੰਜਾਬ ਕੈਬਿਨੇਟ ਮੰਤਰੀ ਅਤੇ ਕਾਂਗਰਸੀ ਆਗੂ ਰਾਜ ਕੁਮਾਰ ਵੇਰਕਾ ਨੇ ਨਿਯੁਕਤੀ ਦਾ ਸਮਰਥਨ ਕਰਦਿਆਂ ਕਿਹਾ,÷ ਮੰਤਰੀਆਂ ਦੇ ਪਰਿਵਾਰਕ ਮੈਂਬਰ ਵੀ ਇਸ ਸਮਾਜ ਦਾ ਹਿੱਸਾ ਹਨ।@@@ਜੇਕਰ 100-150 ਵਿੱਚੋਂ ਇੱਕ ਅਜਿਹੀ ਨਿਯੁਕਤੀ ਹੋ ਵੀ ਜਾਂਦੀ ਹੈ ਤਾਂ ਇਸ ਤਾਂ ਇਸ ਬਾਰੇ ਕਿਸੇ ਨੂੰ ਇਤਰਾਜ਼ ਨਹੀਂ ਹੋਣਾ ਚਾਹੀਦਾ।ਪਰਿਵਾਰਿਕ ਮੈਂਬਰਾਂ ਨੇ ਵੀ ਪੜ੍ਹਾਈ ਕੀਤੀ ਹੈ ਅਤੇ ਉਹ ਨੌਕਰੀਆਂ ਦੇ ਕਾਬਿਲ ਹਨ।÷

ਇਸ ਤੋਂ ਪਹਿਲਾਂ ਵੀ ਨੌਕਰੀਆਂ @ਤੇ ਹੋਇਆ ਹੈ ਵਿਵਾਦ

ਇਹ ਕੋਈ ਪਹਿਲਾ ਮੌਕਾ ਨਹੀਂ ਜਦੋਂ ਪੰਜਾਬ ਕਾਂਗਰਸ ਦੇ ਆਗੂ ਆਪਣੇ ਹੀ ਪਰਿਵਾਰਕ ਮੈਂਬਰਾਂ ਨੂੰ ਨੌਕਰੀ ਦੇਣ ਕਾਰਨ ਵਿਵਾਦਾਂ ਵਿੱਚ ਆਏ ਹਨ।








# ਬੱਚਿਆਂ ਨੂੰ ਸਹਿਣਸ਼ੀਲ ਕਿਵੇਂ ਬਣਾਈਏ ?

- ਬਲਜਿੰਦਰ ਮਾਨ

**ਬੱਚਿਆਂ ਪ੍ਰਤੀ ਸਰਕਾਰਾਂ ਨੇ ਕਦੀ ਸੁਹਿਰਦਤਾ ਨਾਲ ਕਾਰਜ ਨਹੀਂ ਕੀਤੇ, ਕਿਉਂਕਿ ਉਹ ਵੋਟਰ ਨਹੀਂ ਹਨ। ਅੱਜ ਦੇ ਬੱਚਿਆਂ ਕੋਲ ਕਿਸੇ ਦੀ ਗੱਲ ਸੁਣਨ ਦੀ ਹਿੰਮਤ ਨਹੀਂ ਰਹੀ। ਸ਼ਾਇਦ ਸਾਡੇ ਘਰਾਂ 'ਚ ਅਜਿਹਾ ਮਾਹੌਲ ਨਹੀਂ ਰਿਹਾ। ਸਭ ਆਪੋ-ਆਪਣੀ ਕਹਿਣ ਤੇ ਮਰਜ਼ੀ ਕਰਨ 'ਚ ਮਾਣ ਮਹਿਸੂਸ ਕਰਦੇ ਹਨ। ਜੇ ਅਸੀਂ ਖ਼ੁਦ ਵੱਡਿਆਂ ਦੀ ਗੱਲ ਗੌਰ ਨਾਲ ਸੁਣੀਏ ਤਾਂ ਬੱਚਿਆਂ 'ਚ ਵੀ ਅਜਿਹੇ ਗੁਣ ਪੈਦਾ ਹੋ ਸਕਦੇ ਹਨ। ਕਾਰਨ ਸਪਸ਼ਟ ਹੈ ਕਿ ਮਾਪੇ ਉਨ੍ਹਾਂ ਦੀ ਹਰ ਖਾਹਿਸ਼ ਬਿਨਾਂ ਲੋੜ ਪੂਰੀ ਕਰੀ ਜਾ ਰਹੇ ਹਨ।**

ਬੱਚਾ ਕੁਦਰਤ ਦੀ ਸਭ ਤੋਂ ਵੱਡੀ ਕਰਾਮਾਤ ਹੈ। ਇਸ ਕਰਾਮਾਤ 'ਚ ਹੀ ਸਾਰੇ ਸੰਸਾਰ ਦਾ ਭਵਿੱਖ ਛੁਪਿਆ ਹੋਇਐ। ਇਸ ਲਈ ਸਭ ਤੋਂ ਮਹੱਤਵਪੂਰਨ ਬੱਚਾ ਹੈ, ਜਿਸ ਪ੍ਰਤੀ ਸਾਨੂੰ ਬਹੁਤ ਚੇਤੰਨ ਹੋਣ ਦੀ ਲੋੜ ਹੈ। ਮਨੋਵਿਗਿਆਨੀਆਂ ਅਨੁਸਾਰ ਬੱਚੇ ਦੀ ਸ਼ਖ਼ਸੀਅਤ ਦੇ ਨਿਰਮਾਣ 'ਚ ਜੱਦ ਅਤੇ ਵਾਤਾਵਰਨ ਹਿੱਸਾ ਪਾਉਂਦੇ ਹਨ। ਜੱਦੀ ਪ੍ਰਭਾਵ ਨੂੰ ਚੰਗੇ ਵਾਤਾਵਰਨ ਨਾਲ ਬਦਲਿਆ ਜਾ ਸਕਦਾ ਹੈ।ਅਜੋਕੀ ਤੇਜ਼ ਰਫ਼ਤਾਰ ਜ਼ਿੰਦਗੀ 'ਚ ਅਸੀਂ ਬੱਚਿਆਂ ਵੱਲ ਜ਼ਿਆਦਾ ਧਿਆਨ ਨਹੀਂ ਦੇ ਰਹੇ। ਕੰਮਕਾਜੀ ਮਾਪੇ ਰੋਟੀ-ਰੋਜ਼ੀ ਦੇ ਚੱਕਰ 'ਚ ਬੱਚਿਆਂ ਨੂੰ ਇਕੱਲੇ ਛੱਡ ਕੇ ਨੈੱਟ ਜਾਂ ਟੀਵੀ ਦੇ ਹਵਾਲੇ ਕਰ ਰਹੇ ਹਨ, ਜਦਕਿ ਇਨ੍ਹਾਂ ਸਾਧਨਾਂ ਦੀ ਵਰਤੋਂ ਸੁਚੱਜੇ ਢੰਗ ਨਾਲ ਕਰਨ ਦੀ ਲੋੜ ਹੈ। ਬੱਚਾ ਤਾਂ ਮਾਸੂਮ ਹੈ, ਉਸ ਦੀ ਮਾਸੂਮੀਅਤ ਦਾ ਲਾਭ ਉਠਾ ਕੇ ਵਪਾਰੀ ਲੋਕ ਉਸ ਦੀਆਂ ਭਾਵਨਾਵਾਂ ਨਾਲ ਖਿਲਵਾੜ ਕਰ ਰਹੇ ਹਨ। ਉਹ ਉਸ ਨੂੰ ਉਸ ਪਾਸੇ ਲਈ ਜਾ ਰਹੇ ਹਨ, ਜਿਸ ਪਾਸੇ ਨਹੀਂ ਜਾਣਾ ਚਾਹੀਦਾ। ਨੈੱਟ ਦੇ ਨਕਾਰਾਤਮਕ ਪ੍ਰਭਾਵ ਇੰਨੇ ਡੂੰਘੇ ਹੋ ਗਏ ਹਨ ਕਿ ਬਹੁਤ ਸਾਰੇ ਬੱਚੇ ਵਿਕਾਸ ਦੀ ਥਾਂ ਪਤਨ ਵੱਲ ਜਾ ਰਹੇ ਹਨ। ਸਿੰਗਲ ਪਰਿਵਾਰਕ ਸਿਸਟਮ 'ਚ ਬੱਚੇ ਨੂੰ ਦਾਦੀ-ਨਾਨੀ ਦਾ ਲਾਡ ਨਹੀਂ ਮਿਲ ਰਿਹਾ ਤੇ ਨਾ ਉਹ ਕਹਾਣੀਆਂ ਸੁਣਨ ਨੂੰ ਮਿਲਦੀਆਂ ਹਨ, ਜਿਨ੍ਹਾਂ ਨਾਲ ਉਸ ਦੇ ਜੀਵਨ 'ਚ ਨਿਖ਼ਾਰ ਆਉਣਾ ਹੁੰਦਾ ਹੈ। ਸਿਰਫ਼ ਨੌਕਰਾਂ ਤੇ ਨੌਕਰਾਣੀਆਂ ਦੇ ਹੱਥਾਂ 'ਚ ਉਨ੍ਹਾਂ ਦਾ ਪਾਲਣ ਪੋਸ਼ਣ ਹੋ ਰਿਹਾ ਹੈ। ਹਾਈ-ਫਾਈ ਸੁਸਾਇਟੀ 'ਚ ਤਾਂ ਬੱਚਿਆਂ ਦੀ ਕਈ-ਕਈ ਦਿਨ ਮਾਪਿਆਂ ਨਾਲ ਮੁਲਾਕਾਤ ਨਹੀਂ ਹੁੰਦੀ। ਉਹ ਨੌਕਰੀ ਤੇ ਬਿਜ਼ਨਸ ਦੇ ਚੱਕਰ 'ਚ ਆਪਣਾ ਨਿੱਜੀ ਸੰਸਾਰ ਭੁੱਲੀ ਫਿਰਦੇ ਹਨ। ਮਾਡਰਨ ਜ਼ਮਾਨੇ ਦੀ ਖੁੱਲ੍ਹੀ ਖੇਡ ਨੇ ਵੀ ਬਾਲ ਮਾਨਸਿਕਤਾ ਨੂੰ ਪ੍ਰਭਾਵਿਤ ਕੀਤਾ ਹੈ। ਅੱਜ-ਕੱਲ੍ਹ ਸਾਡਾ ਬੱਚਿਆਂ ਨਾਲੋਂ ਨਾਤਾ ਟੁੱਟ ਰਿਹਾ ਹੈ। ਆਪਸੀ ਸੰਵਾਦ ਦੀ ਕਮੀ ਕਾਰਨ ਬੱਚੇ ਕੁਰਾਹੇ ਪੈ ਰਹੇ ਹਨ। ਪਿੰਡਾਂ 'ਚ ਵੀ ਹੁਣ ਬੱਚਿਆਂ ਨੂੰ ਬੋਹੜਾਂ ਹੇਠ ਜਾਂ ਹੋਰ ਸਾਂਝੀਆਂ ਥਾਵਾਂ 'ਤੇ ਵੱਡਿਆਂ ਦੀ ਸੰਗਤ ਨਸੀਬ ਨਹੀਂ ਹੋ ਰਹੀ। ਇਸੇ ਕਰਕੇ ਉਹ ਵੱਡਿਆਂ ਦਾ ਆਦਰ ਭੁੱਲ ਰਹੇ ਹਨ। ਬੱਚਿਆਂ ਦਾ ਭਵਿੱਖ ਸ਼ਿੰਗਾਰਨ 'ਚ ਪੁਸਤਕਾਂ ਦੀ ਭੂਮਿਕਾ ਬੜੀ ਅਹਿਮ ਹੈ। ਲੋੜ ਹੈ ਉਨ੍ਹਾਂ ਦੇ ਹੱਥਾਂ 'ਚ ਰੋਚਕ ਤੇ ਉਮਰ ਅਨੁਸਾਰ ਪੁਸਤਕਾਂ ਫੜਾਉਣ ਦੀ, ਜਿਨ੍ਹਾਂ ਨਾਲ ਉਨ੍ਹਾਂ ਅੰਦਰ ਨੈਤਿਕ ਕਦਰਾਂ-ਕੀਮਤਾਂ ਦਾ ਵਿਕਾਸ ਹੋ ਸਕੇ।

ਬੱਚਿਆਂ ਦੀ ਸੰਗਤ ਵੱਲ ਹਰ ਮਾਪੇ ਨੂੰ ਖ਼ਾਸ ਧਿਆਨ ਦੇਣ ਦੀ ਲੋੜ ਹੈ। ਬੱਚਿਆਂ ਪ੍ਰਤੀ ਸਰਕਾਰਾਂ ਨੇ ਕਦੀ ਸੁਹਿਰਦਤਾ ਨਾਲ ਕਾਰਜ ਨਹੀਂ ਕੀਤੇ, ਕਿਉਂਕਿ ਉਹ ਵੋਟਰ ਨਹੀਂ ਹਨ। ਅੱਜ ਦੇ ਬੱਚਿਆਂ ਕੋਲ ਕਿਸੇ ਦੀ ਗੱਲ ਸੁਣਨ ਦੀ ਹਿੰਮਤ ਨਹੀਂ ਰਹੀ। ਸ਼ਾਇਦ ਸਾਡੇ ਘਰਾਂ 'ਚ ਅਜਿਹਾ ਮਾਹੌਲ ਨਹੀਂ ਰਿਹਾ। ਸਭ ਆਪੋ-ਆਪਣੀ ਕਹਿਣ ਤੇ ਮਰਜ਼ੀ ਕਰਨ 'ਚ ਮਾਣ ਮਹਿਸੂਸ ਕਰਦੇ ਹਨ। ਜੇ ਅਸੀਂ ਖ਼ੁਦ ਵੱਡਿਆਂ ਦੀ ਗੱਲ ਗੌਰ ਨਾਲ ਸੁਣੀਏ ਤਾਂ ਬੱਚਿਆਂ 'ਚ ਵੀ ਅਜਿਹੇ ਗੁਣ ਪੈਦਾ ਹੋ ਸਕਦੇ ਹਨ। ਕਾਰਨ ਸਪਸ਼ਟ ਹੈ ਕਿ ਮਾਪੇ ਉਨ੍ਹਾਂ ਦੀ ਹਰ ਖਾਹਿਸ਼ ਬਿਨਾਂ ਲੋੜ ਪੂਰੀ ਕਰੀ ਜਾ ਰਹੇ ਹਨ। ਜਦੋਂ ਉਨ੍ਹਾਂ ਦੀ ਹਰ ਗੱਲ ਘਰ 'ਚ ਮੰਨੀ ਜਾਂਦੀ ਹੈ ਤਾਂ ਉਹ ਮਨ-ਮਰਜ਼ੀ ਦੇ ਆਦੀ ਹੋ ਜਾਂਦੇ ਹਨ, ਜਿਸ ਕਰਕੇ ਕਿਸੇ ਦੀ ਕਹੀ ਗੱਲ ਉਨ੍ਹਾਂ ਨੂੰ ਝੱਟ ਚੁੱਭਦੀ ਹੈ ਤੇ ਉਹ ਗੁੱਸੇ 'ਚ ਆ ਕੇ ਮਾੜਾ ਚੰਗਾ ਕਰ ਬੈਠਦੇ ਹਨ। ਅਜਿਹੀਆਂ ਮਾੜੀਆਂ ਸਥਿਤੀਆਂ ਤੋਂ ਬਚਣ ਲਈ ਮਾਪਿਆਂ ਨੂੰ ਇਹ ਗੱਲ ਹਰ ਹਾਲ ਘਰ ਦੇ ਮਾਹੌਲ 'ਚ ਪੈਦਾ ਕਰਨੀ ਪਵੇਗੀ ਕਿ ਉਹ ਵੱਡਿਆਂ ਦੀ ਗੱਲ ਨੂੰ ਸੁਣਨ ਦਾ ਆਦੀ ਬਣਨ।ਅੱਜ ਮਾਪਿਆਂ ਅੱਗੇ ਸਭ ਤੋਂ ਵੱਡੀ ਸਮੱਸਿਆ ਹੈ ਬੱਚੇ ਨੂੰ ਸਹਿਣਸ਼ੀਲ ਬਣਾਉਣ ਦੀ। ਇਹ ਤਦ ਹੀ ਸੰਭਵ ਹੈ, ਜੇ ਮਾਪਿਆਂ ਨੇ ਉਸ ਨੂੰ ਸੁਣਨ ਦੀ ਆਦਤ ਸਿਖਾਈ ਹੋਵੇਗੀ। ਜੇ ਘਰ 'ਚ ਬੱਚੇ ਦੀ ਮਰਜ਼ੀ ਚੱਲਦੀ ਹੈ, ਫਿਰ ਤਾਂ ਕੋਈ ਗੱਲ ਕਹਿਣ ਤੋਂ ਪਹਿਲਾਂ ਸੌ ਵਾਰ ਵਿਚਾਰਨਾ ਹੋਵੇਗਾ। ਕਿਸੇ ਨੇ ਸੱਚ ਹੀ ਕਿਹਾ ਹੈ ਕਿ ਬੱਚਾ ਤੇ ਰੰਬਾ ਚੰਡੇ ਹੋਏ ਹੀ ਠੀਕ ਰਹਿੰਦੇ ਹਨ। ਇਹ ਤੱਥ ਸਦੀਆਂ ਪੁਰਾਣਾ ਹੋ ਕੇ ਅੱਜ ਵੀ ਸੱਚਾ ਹੈ।

ਅਜੋਕੀ ਪੀੜ੍ਹੀ ਦੇ ਬੱਚਿਆਂ ਨੂੰ ਨੈੱਟ ਦੇ ਮਾਇਆ ਜਾਲ ਤੋਂ ਬਚਾਉਣ ਲਈ ਮਾਪਿਆਂ ਤੇ ਅਧਿਆਪਕਾਂ ਨੂੰ ਸੁਚੇਤ ਹੋ ਕੇ ਕਾਰਜ ਕਰਨ ਦੀ ਲੋੜ ਹੈ। ਇਸ ਲਈ ਸਭ ਤੋਂ ਪਹਿਲਾ ਕਦਮ ਉਨ੍ਹਾਂ ਦੇ ਮਨ 'ਚ ਬਾਲ ਉਮਰੇ ਰਚਨਾਤਮਕ ਕਾਰਜਾਂ ਪ੍ਰਤੀ ਰੁਚੀ ਪੈਦਾ ਕਰਨ ਲਈ ਨਰੋਈਆਂ ਬਾਲ ਪੁਸਤਕਾਂ ਦੇਣੀਆਂ ਹੋਣਗੀਆਂ। ਨੈਤਿਕਤਾ ਦੇ ਪ੍ਰਚਾਰ ਤੇ ਪ੍ਰਸਾਰ ਲਈ ਸਿੱਖਿਆ ਵਿਭਾਗ ਪੰਜਾਬ ਵੱਲੋਂ ਸਕੂਲਾਂ 'ਚ ਪੁਸਤਕ ਲੰਗਰ ਸ਼ੁਰੂ ਕਰਕੇ ਸ਼ਲਾਘਾਯੋਗ ਕਦਮ ਚੁੱਕਿਆ ਹੈ। ਆਓ, ਆਪਾਂ ਸਾਰੇ ਨਰੋਈਆਂ ਤੇ ਰੋਚਕ ਪੁਸਤਕਾਂ ਨੂੰ ਸਾਥੀ ਬਣਾ ਕੇ ਬਾਲ ਮਨਾਂ ਅੰਦਰ ਉੱਚੇ ਵਿਚਾਰ ਤੇ ਸਹਿਣਸ਼ੀਲਤਾ ਵਰਗੇ ਗੁਣ ਭਰੀਏ। ਸਾਡੇ ਘਰਾਂ 'ਚ ਵੱਡਿਆਂ ਦਾ ਆਦਰ ਹੋਣਾ ਬਹੁਤ ਜ਼ਰੂਰੀ ਹੈ, ਜਿੱਥੋਂ ਬੱਚਿਆਂ ਨੇ ਸੰਸਕਾਰੀ ਬਣਨਾ ਹੈ।



# ਧਾਰਨਾ ਹੋਵੇ ਚੰਗੇ ਵਿਹਾਰ ਦੀ

ਚੰਗਾ ਵਿਹਾਰ ਨਾਰੀ ਦੇ ਸੱਭਿਆ ਹੋਣ ਦਾ ਉਹ ਆਈਨਾ ਹੈ, ਜਿਸ ਵਿਚੀਂ ਸਮਾਜ ਨੂੰ ਉਸ ਦੀ ਮਨਮੋਹਕ ਦਿਖ ਦੇ ਦਰਸ਼ਨ ਹੁੰਦੇ ਹਨ। ਇਕ ਕੁਸ਼ਲ ਮਹਿਲਾ ਦਾ ਸਮਾਜ ਵਿਚ ਵਧੇਰੇ ਮਾਣ ਹੁੰਦਾ ਹੈ। ਸ਼ਿਸ਼ਟਾਚਾਰ ਅਤੇ ਵਿਹਾਰ ਕੁਸ਼ਲਤਾ ਇਕ ਅਜਿਹਾ ਜਾਦੂ ਹੈ, ਜਿਸ ਨਾਲ ਲੋਕ ਆਪਣੇ-ਆਪ ਤੁਹਾਡੇ ਵੱਲ ਖਿੱਚੇ ਚਲੇ ਆਉਂਦੇ ਹਨ। ਤੁਹਾਡਾ ਵਿਹਾਰ ਦੂਜੇ ਨੂੰ ਅਡੰਬਰ ਨਹੀਂ ਲਗਣਾ ਚਾਹੀਦਾ, ਸਗੋਂ ਇਹ ਸੁਭਾਵਿਕ ਨਜ਼ਰ ਆਉਣਾ ਚਾਹੀਦਾ ਹੈ। ਜੇਕਰ ਵਿਹਾਰ ਕੁਸ਼ਲਤਾ ਸਥਾਈ ਹੋਵੇ ਤਾਂ ਲੋਕ ਤੁਹਾਡੀ ਪਿੱਠ ਪਿੱਛੇ ਵੀ ਤਾਰੀਫ ਕਰਦੇ ਨਹੀਂ ਥੱਕਦੇ। ਵਿਹਾਰ ਕੁਸ਼ਲਤਾ ਤਾਂ ਤੁਹਾਡੀ ਸਰੀਰਕ ਸੁੰਦਰਤਾ ਦੀ ਕਮੀ ਨੂੰ ਵੀ ਦੂਰ ਕਰ ਦਿੰਦੀ ਹੈ। ਦਰਅਸਲ ਉਹੀ ਸਭ ਤੋਂ ਵੱਧ ਸੁੰਦਰ ਹੁੰਦਾ ਹੈ ਜੋ ਆਪਣੇ ਸ਼ਿਸ਼ਟ ਵਿਹਾਰ ਰਾਹੀਂ ਦੂਜਿਆਂ ਦੇ ਦਿਲਾਂ ਉੱਪਰ ਜਿੱਤ ਹਾਸਲ ਕਰਨ ਦੇ ਸਮਰੱਥ ਹੁੰਦਾ ਹੈ। ਬਿਨਾਂ ਵਿਹਾਰ ਕੁਸ਼ਲਤਾ ਦੇ ਸਰੀਰਕ ਸੁੰਦਰਤਾ ਦਾ ਕੋਈ ਮੁੱਲ ਨਹੀਂ ਹੁੰਦਾ। ਵਿਹਾਰ ਕੁਸ਼ਲਤਾ ਦਾ ਖੇਤਰ ਅਸੀਮਤ ਹੈ। ਇਸ ਦੀ ਲੋੜ ਜੀਵਨ ਦੇ ਹਰ ਖੇਤਰ ਵਿਚ ਅਤੇ ਹਰ ਮੋੜ 'ਤੇ ਹੁੰਦੀ ਹੈ।

**ਗੱਲ ਕਰਨੀ ਵੀ ਇਕ ਕਲਾ**

ਗੱਲ ਕਰਨੀ ਵੀ ਇਕ ਕਲਾ ਹੁੰਦੀ ਹੈ। ਇਹ ਇਕ ਅਹਿਮ ਸਵਾਲ ਹੈ ਕਿ ਤੁਸੀਂ ਆਪਣੇ ਤੋਂ ਛੋਟੇ, ਵੱਡੇ ਅਤੇ ਆਪਣੇ ਬਰਾਬਰ ਵਾਲਿਆਂ ਨਾਲ ਕਿਸ ਤਰੀਕੇ ਨਾਲ ਗੱਲ ਕਰਦੇ ਹੋ ? ਸ਼ਿਸ਼ਟਾਚਾਰ ਤਾਂ ਇਹੀ ਕਹਿੰਦਾ ਹੈ ਕਿ ਸਾਹਮਣੇ ਵਾਲਾ ਵਿਅਕਤੀ ਤੁਹਾਡੇ ਤੋਂ ਉਮਰ ਵਿਚ ਭਾਵੇਂ ਛੋਟਾ ਹੈ ਜਾਂ ਵੱਡਾ, ਤੁਹਾਨੂੰ ਉਸ ਨੂੰ 'ਤੁਸੀਂ' ਕਹਿ ਕੇ ਸੰਬੋਧਨ ਕਰਨਾ ਚਾਹੀਦਾ ਹੈ। ਵੱਡਿਆਂ ਨਾਲ ਆਦਰਪੂਰਨ ਢੰਗ ਨਾਲ ਬੋਲਣਾ ਅਤੇ ਵਿਹਾਰ ਕਰਨਾ ਚਾਹੀਦਾ ਹੈ। ਤੁਹਾਡੀ ਆਵਾਜ਼ ਉਸ ਵਿਅਕਤੀ ਤੱਕ ਹੀ ਪਹੁੰਚਣੀ ਚਾਹੀਦੀ ਹੈ, ਜਿਸ ਨੂੰ ਤੁਸੀਂ ਗੱਲ ਸੁਣਾਉਣੀ ਚਾਹੁੰਦੇ ਹੋ। ਉੱਚੀ ਬੋਲਣਾ ਜਾਂ ਚੀਕ-ਚੀਕ ਕੇ ਬੋਲਣਾ ਸ਼ਿਸ਼ਟਾਚਾਰ ਦੇ ਖਿਲਾਫ ਹੈ। ਜੇਕਰ ਤੁਸੀਂ ਸ਼ਿਸ਼ਟਾਚਾਰ ਦੇ ਮੁਤਾਬਿਕ ਕਿਸੇ ਨਾਲ ਗੱਲ ਕਰੋਗੇ ਤਾਂ ਤੁਹਾਡੀ ਗੱਲ ਦਾ ਸਾਹਮਣੇ ਵਾਲੇ ਦੇ ਮਨ ਉੱਪਰ ਸਥਾਈ ਪ੍ਰਭਾਵ ਪਵੇਗਾ।

**ਸਮਾਰੋਹ ਵਿਚ ਵਿਹਾਰ**

ਜੇਕਰ ਤੁਸੀਂ ਕਿਸੇ ਸਮਾਰੋਹ ਵਿਚ ਸ਼ਿਰਕਤ ਕਰਦੇ ਹੋ ਤਾਂ ਵੀ ਤੁਹਾਨੂੰ ਸ਼ਿਸ਼ਟਾਚਾਰ ਦਾ ਧਿਆਨ ਰੱਖਣਾ ਚਾਹੀਦਾ ਹੈ। ਕਿਵੇਂ ਉਠਣਾ-ਬੈਠਣਾ ਚਾਹੀਦਾ ਹੈ, ਕਿਸ ਤਰ੍ਹਾਂ ਖਾਣਾ-ਪੀਣਾ ਚਾਹੀਦਾ ਹੈ, ਇਨ੍ਹਾਂ ਸਭ ਵਿਚ ਸ਼ਿਸ਼ਟਤਾ ਵਰਤਣੀ ਚਾਹੀਦੀ ਹੈ। ਪਾਰਟੀ ਵਿਚ ਜਾਣ ਸਮੇਂ ਕੁਝ ਔਰਤਾਂ ਖਾਣ-ਪੀਣ ਵਾਲੀਆਂ ਚੀਜ਼ਾਂ 'ਤੇ ਟੁੱਟ ਕੇ ਪੈ ਜਾਂਦੀਆਂ ਹਨ, ਜਿਵੇਂ ਕਿ ਉਨ੍ਹਾਂ ਨੇ ਕਈ ਦਿਨਾਂ ਤੋਂ ਕੁਝ ਖਾਧਾ-ਪੀਤਾ ਹੀ ਨਾ ਹੋਵੇ।

ਜੇਕਰ ਖਾਣਾ, ਖਾਣੇ ਦੀ ਮੇਜ਼ ਉੱਪਰ ਬੈਠ ਕੇ ਖਾਧਾ ਜਾ ਰਿਹਾ ਹੈ ਤਾਂ ਸ਼ਿਸ਼ਟਾਚਾਰ ਦੀ ਲੋੜ ਹੋਰ ਵੀ ਵਧ ਜਾਂਦੀ ਹੈ। ਛੋਟੀ-ਛੋਟੀ ਅਤੇ ਵੱਡੀਆਂ-ਵੱਡੀਆਂ ਬੁਰਕੀਆਂ ਮੂੰਹ 'ਚ ਪਾਉਣੀਆਂ ਸ਼ਿਸ਼ਟਾਚਾਰ ਦੇ ਵਿਰੁੱਧ ਹੈ। ਜੇਕਰ ਤੁਸੀਂ ਖਾਣ ਬੈਠੇ ਦੂਜੇ ਵਿਅਕਤੀਆਂ ਨਾਲੋਂ ਪਹਿਲਾਂ ਖਾਣਾ ਖਾ ਲੈਂਦੇ ਹੋ ਤਾਂ ਵੀ ਤੁਹਾਨੂੰ ਉਨ੍ਹਾਂ ਦੇ ਉਠਣ ਤੱਕ ਦਾ ਇੰਤਜ਼ਾਰ ਕਰਨਾ ਚਾਹੀਦਾ ਹੈ।

**ਸਲੀਕੇ ਨਾਲ ਰਹਿਣਾ ਤੇ ਕੱਪੜੇ ਪਹਿਨਣਾ**

ਸਲੀਕੇ ਨਾਲ ਰਹਿਣਾ ਅਤੇ ਕੱਪੜੇ ਪਹਿਨਣਾ ਵੀ ਸ਼ਿਸ਼ਟਾਚਾਰ ਦਾ ਇਕ ਜ਼ਰੂਰੀ ਅੰਗ ਹੈ। ਜੇਕਰ ਔਰਤਾਂ ਇਸ ਤਰ੍ਹਾਂ ਦੇ ਵਸਤਰ ਪਹਿਨ ਲੈਣ, ਜਿਸ ਵਿਚੀਂ ਸਰੀਰ ਦੇ ਅੰਗ ਨਜ਼ਰ ਆਉਂਦੇ ਹੋਣ ਤਾਂ ਇਹ ਵੀ ਕੋਈ ਚੰਗੀ ਗੱਲ ਨਹੀਂ ਹੈ। ਬਿਨਾਂ ਅੰਗ-ਦਿਖਾਵੇ ਦੇ ਵੀ ਸ਼ਾਲੀਨਤਾ ਨਾਲ ਰਿਹਾ ਜਾ ਸਕਦਾ ਹੈ। ਕੁਝ ਅਜਿਹੀਆਂ ਗੱਲਾਂ ਹੁੰਦੀਆਂ ਹਨ, ਜਿਨ੍ਹਾਂ ਵੱਲ ਸਾਡਾ ਧਿਆਨ ਨਹੀਂ ਜਾਂਦਾ ਪਰ ਉਨ੍ਹਾਂ ਗੱਲਾਂ ਦਾ ਵੀ ਸਾਨੂੰ ਧਿਆਨ ਰੱਖਣਾ ਚਾਹੀਦਾ ਹੈ। ਦੂਜੇ ਲੋਕਾਂ ਦੇ ਸਾਹਮਣੇ ਮੂੰਹ ਅੱਡ ਕੇ ਉਬਾਸੀ ਲੈਣਾ, ਜ਼ੋਰ-ਜ਼ੋਰ ਦੀ ਹੱਸਣਾ, ਛਿੱਕ ਮਾਰਨਾ, ਦੰਦ ਕੱਢ-ਕੱਢ ਕੇ ਹੱਸਣਾ ਸ਼ਿਸ਼ਟਤਾ ਦਾ ਸਬੂਤ ਨਹੀਂ ਹੈ।

ਇਹ ਮੰਨਿਆ ਜਾ ਸਕਦਾ ਹੈ ਕਿ ਉਬਾਸੀ, ਖੰਘ, ਛਿੱਕ ਜਾਂ ਹਾਸਾ ਰੋਕਣਾ ਆਪਣੇ ਵੱਸ ਵਿਚ ਨਹੀਂ ਹੁੰਦਾ ਪਰ ਘੱਟੋ-ਘੱਟ ਸ਼ਿਸ਼ਟਤਾ ਦਾ ਤਾਂ ਧਿਆਨ ਰੱਖਿਆ ਹੀ ਜਾਣਾ ਚਾਹੀਦਾ ਹੈ। ਖੰਘਦੇ, ਛਿੱਕ ਮਾਰਦੇ ਹੋਏ ਜਾਂ ਉਬਾਸੀ ਲੈਂਦੇ ਸਮੇਂ ਮੂੰਹ 'ਤੇ ਹੱਥ ਜਾਂ ਰੁਮਾਲ ਰੱਖ ਕੇ ਸ਼ਿਸ਼ਟਾਚਾਰ ਦਾ ਸਬੂਤ ਤਾਂ ਦਿੱਤਾ ਜਾ ਸਕਦਾ ਹੈ।

ਆਪਣੇ ਆਨੰਦ ਲਈ ਦੂਜਿਆਂ ਨੂੰ ਤੰਗੀ ਦੇਣਾ ਵੀ ਸ਼ਿਸ਼ਟਾਚਾਰ ਦੇ ਵਿਰੁੱਧ ਹੈ। ਆਪਣਾ ਰੇਡੀਓ, ਟੇਪ ਰਿਕਾਰਡਰ, ਟੀ. ਵੀ. ਏਨਾ ਉੱਚੀ ਨਹੀਂ ਲਗਾਉਣਾ ਚਾਹੀਦਾ ਕਿ ਆਲੇ-ਦੁਆਲੇ ਰਹਿਣ ਵਾਲਿਆਂ ਨੂੰ ਤਕਲੀਫ ਪਹੁੰਚੇ। ਜੇਕਰ ਤੁਹਾਡੇ ਵਿਚ ਸ਼ਾਲੀਨਤਾ ਅਤੇ ਸ਼ਿਸ਼ਟਾਚਾਰ ਨਹੀਂ ਹੈ ਤਾਂ ਇਸ ਨੂੰ ਅਪਣਾਉਣਾ ਚਾਹੀਦਾ ਹੈ ਤੇ ਇਸ ਨੂੰ ਆਪਣੇ ਸੁਭਾਅ ਦਾ ਅਨਿਖੜਵਾਂ ਅੰਗ ਬਣਾਉਣਾ ਚਾਹੀਦਾ ਹੈ। ਇਹ ਆਦਤ ਸਾਰੀ ਜ਼ਿੰਦਗੀ ਕੰਮ ਆਉਂਦੀ ਹੈ।

# ਕੀ ਭਾਰਤ 'ਚ ਰਹਿੰਦਾ ਆਮ ਆਦਮੀ ਕਦੇ ਆਪਣੇ ਸੁਪਨੇ ਪੂਰੇ ਕਰ ਸਕੇਗਾ?

✿ ਗੁਰਮੀਤ ਸਿੰਘ ਪਲਾਹੀ




**ਵਾਹਨਾਂ ਵਿੱਚ ਵਿਕਰੀ ਵਿੱਚ ਆਈ ਰੁਕਾਵਟ ਕਾਰਨ ਪਿਛਲੇ ਤਿੰਨ ਮਹੀਨਿਆਂ ਵਿੱਚ ਸਥਾਨਕ ਡੀਲਰਾਂ ਨੇ ਦੇਸ਼ ਭਰ ਵਿੱਚ ਲਗਭਗ ਦੋ ਲੱਖ ਕਰਮਚਾਰੀਆਂ ਨੂੰ ਨੌਕਰੀ ਤੋਂ ਹਟਾ ਦਿੱਤਾ**

15 ਅਗਸਤ 1947 ਨੂੰ ਦੇਸ਼ ਭਾਰਤ ਆਜ਼ਾਦ ਹੋਇਆ। ਅੱਜ ਬਹੱਤਰ ਵਰ੍ਹੇ ਆਜ਼ਾਦੀ ਦੇ ਪੂਰੇ ਹੋ ਗਏ ਹਨ। ਸਦੀ ਦਾ ਲਗਭਗ ਤਿੰਨ ਚੌਥਾਈ ਹਿੱਸਾ ਪੂਰਾ ਕਰ ਲਿਆ ਹੈ ਭਾਰਤ ਨੇ। ਇਹਨਾਂ ਵਰ੍ਹਿਆਂ ਵਿੱਚ ਦੇਸ਼ ਦੇ ਬੁਨਿਆਦੀ ਢਾਂਚੇ ਵਿੱਚ ਤਬਦੀਲੀ ਵੇਖਣ ਨੂੰ ਮਿਲੀ ਹੈ। ਗਗਨ ਚੁੰਬੀ ਇਮਾਰਤਾਂ, ਵੱਡੇ-ਵੱਡੇ ਪੁਲ, ਸੜਕਾਂ, ਮਾਲਜ਼, ਸੁੰਦਰ ਰਿਹਾਇਸ਼ੀ ਕਲੋਨੀਆਂ ਭਾਰਤ ਦੇ ਇੱਕ ਰੰਗ ਦੀ ਤਸਵੀਰ ਪੇਸ਼ ਕਰ ਰਹੀਆਂ ਹਨ। ਸਰਕਾਰ ਵਲੋਂ ਦੁਨੀਆ ਦੀਆਂ ਵੱਡੀਆਂ ਅਰਥ-ਵਿਵਸਥਾ ਵਿੱਚ ਭਾਰਤ ਦਾ ਨਾਮ ਸ਼ਾਮਲ ਕਰਨ ਲਈ ਭਰਪੂਰ ਯਤਨ ਹੋ ਰਹੇ ਹਨ। ਦੇਸ਼ ਨੂੰ ਸੁਰੱਖਿਆ ਪੱਖੋਂ ਮਜ਼ਬੂਤ ਕਰਨ ਲਈ ਕਾਫੀ ਕੁਝ ਕੀਤਾ ਜਾ ਰਿਹਾ ਹੈ। ਇੰਨੇ ਵਰ੍ਹਿਆਂ ਦੀ ਆਜ਼ਾਦੀ ਯਾਤਰਾ ਵਿੱਚ ਆਮ ਆਦਮੀ ਅਲੋਪ ਹੁੰਦਾ ਜਾ ਰਿਹਾ ਹੈ, ਭਾਵੇਂ ਕਿ ਆਮ ਆਦਮੀ ਦੇ ਨਾਮ ਉੱਤੇ ਸਮੇਂ ਸਮੇਂ ਦੀਆਂ ਸਰਕਾਰਾਂ ਨੇ ਬਹੁਤ ਕੁਝ ਕਰਨ ਦਾ ਦਾਅਵਾ ਕੀਤਾ ਹੈ। ਪਰ ਸਵਾਲ ਪੈਦਾ ਹੁੰਦਾ ਹੈ ਕਿ ਸਭ ਲਈ ਭੋਜਨ ਕਾਨੂੰਨ ਪਾਸ ਹੋਣ



ਦੇ ਬਾਵਜੂਦ ਵੀ 19 ਕਰੋੜ ਦੇਸ਼ ਵਾਸੀਆਂ ਨੂੰ ਦਿਨ ਵਿੱਚ ਇੱਕ ਡੰਗ ਦਾ ਭੋਜਨ ਕਿਉਂ ਨਹੀਂ ਨਸੀਬ ਹੁੰਦਾ ਹੈ? ਲਗਭਗ ਅੱਧੀ ਅਬਾਦੀ ਕੋਲ ਘਰਾਂ ਵਿੱਚ ਪੱਕੇ ਪਖਾਨੇ ਨਹੀਂ। ਦੇਸ਼ ਦੇ ਸਭਨਾਂ ਪਿੰਡਾਂ ਵਿੱਚ ਬਿਜਲੀ ਸਪਲਾਈ ਪਹੁੰਚਾਉਣ ਦੀ ਗੱਲ ਸਰਕਾਰਾਂ ਕਰਦੀਆਂ ਹਨ, ਪਰ ਪਿੰਡਾਂ ਦੀ 'ਇੱਕ ਭਾਰੀ ਗਿਣਤੀ' ਦੇ ਕੱਚੇ ਘਰਾਂ ਵਿੱਚ ਬਿਜਲੀ ਨਹੀਂ ਪਹੁੰਚੀ। ਸਿੱਖਿਆ, ਸਿਹਤ ਸੇਵਾਵਾਂ ਪਹੁੰਚਾਉਣ ਦੀ ਗੱਲ ਤਾਂ ਦੂਰ ਦੀ ਗੱਲ ਹੈ। ਸਰਕਾਰਾਂ ਸਬਸਿਡੀਆਂ ਐਲਾਨ ਕੇ ਆਮ ਲੋਕਾਂ ਨੂੰ ਖੁਸ਼ ਕਰਦੀਆਂ ਹਨ, ਉਹਨਾਂ ਲਈ ਨਿੱਤ ਨਵੀਆਂ ਸਕੀਮ ਬਣਾਉਣ ਦਾ ਦਾਅਵਾ ਕਰਦੀਆਂ ਹਨ, ਪਰ ਇਹ ਸਕੀਮਾਂ ਉਹਨਾਂ ਤੱਕ ਪਹੁੰਚਦੀਆਂ ਵੀ ਹਨ? ਅਸਲ ਵਿੱਚ ਦੇਸ਼ ਕਰਜ਼ਾਈ ਹੋਇਆ ਪਿਆ ਹੈ, ਇਸਦੀ ਅਰਥ-ਵਿਵਸਥਾ ਚਰਮਰਾਈ ਹੋਈ ਹੈ, ਪ੍ਰਬੰਧਕੀ ਢਾਂਚਾ ਅਤੇ ਸਰਕਾਰੀ ਮਸ਼ੀਨਰੀ ਆਪਹੁਦਰੀ ਹੋ ਚੁੱਕੀ ਹੈ ਤੇ ਆਮ ਆਦਮੀ ਦੇਸ਼ ਵਿੱਚ ਨੁਕਰੇ ਲਗਾ ਦਿੱਤਾ ਗਿਆ ਹੈ। ਜੂਨ ਦੇ ਮਹੀਨੇ ਕੋਲਾ, ਕੱਚਾ ਤੇਲ, ਕੁਦਰਤੀ ਗੈਸ, ਖਾਦ, ਲੋਹਾ, ਸੀਮਿੰਟ, ਬਿਜਲੀ ਅਤੇ ਰੀਫਾਈਨਰੀ ਉਤਪਾਦ ਜਿਹੇ ਅੱਠ ਬੁਨਿਆਦੀ ਉਦਯੋਗਾਂ ਦੀ ਵਿਕਾਸ ਦਰ ਸਿਰਫ 0.2 ਫੀਸਦੀ ਰਹੀ, ਜੋ ਪਿਛਲੇ ਚਾਰ ਸਾਲਾਂ ਵਿੱਚ ਸਭ ਤੋਂ ਹੇਠਲੇ ਪੱਧਰ 'ਤੇ ਹੈ। ਇਸ ਤੋਂ ਸਾਫ਼ ਪਤਾ ਲੱਗਦਾ ਹੈ ਕਿ ਸਾਡੀ ਅਰਥ-ਵਿਵਸਥਾ ਦੀ ਬੁਨਿਆਦੀ ਹਾਲਤ ਤਰਸਯੋਗ ਹੈ। ਕੈਗ ਦੀ ਰਿਪੋਰਟ ਦੱਸਦੀ ਹੈ ਕਿ ਮੌਜੂਦਾ ਵਿੱਤ ਵਰ੍ਹੇ ਦੀ ਪਹਿਲੀ ਤਿਮਾਹੀ ਵਿੱਚ ਸਾਡੇ ਦੇਸ਼ ਦੇ ਖਜ਼ਾਨੇ ਵਿੱਚ ਸਿਰਫ਼ 1.4 ਫੀਸਦੀ ਵਾਧਾ ਹੀ ਵੇਖਣ ਨੂੰ ਮਿਲਿਆ, ਜਦਕਿ ਬਜਟ ਵਿੱਚ 18.3 ਫੀਸਦੀ ਵਾਧੇ ਦਾ ਨਿਸ਼ਾਨਾ ਮਿਥਿਆ ਗਿਆ ਸੀ। ਅੰਤਰਰਾਸ਼ਟਰੀ ਰੇਟਿੰਗ ਏਜੰਸੀ ਕਿਰਿਸਿਲ ਨੇ ਭਾਰਤ ਦੇ ਆਰਥਿਕ ਵਿਕਾਸ ਦੀ ਦਰ ਦਾ ਅਨੁਮਾਨ 7.1 ਫੀਸਦੀ ਤੋਂ ਘਟਾ ਕੇ 6.9 ਕਰ ਦਿੱਤਾ ਹੈ। ਸਿੱਟਾ ਦੇਸ਼ ਦੇ ਉਦਯੋਗਪਤੀ ਤੇ ਵਿਦੇਸ਼ੀ ਨਿਵੇਸ਼ਕ ਭਾਰਤ ਵਿੱਚ ਨਿਵੇਸ਼ ਕਰਨ ਤੋਂ ਮੂੰਹ ਮੋੜ ਰਹੇ ਹਨ ਅਤੇ ਨਵੇਂ ਨਿਵੇਸ਼ ਤੋਂ ਕੰਨੀ ਕਤਰਾ ਰਹੇ ਹਨ। ਦੇਸ਼ ਵਿੱਚ ਆਟੋਮੋਬਾਇਲ ਖੇਤਰ ਦੀ ਹਾਲਤ ਜੁਲਾਈ ਵਿੱਚ ਹੋਰ ਖਰਾਬ ਹੋ ਗਈ ਅਤੇ ਛੋਟੀਆਂ ਗੱਡੀਆਂ ਦੀ ਵਿਕਰੀ ਵਿੱਚ ਗਿਰਾਵਟ ਆਈ। ਇਸ ਸਾਲ ਰੋਜ਼ਗਾਰ ਵਿੱਚ ਭਾਰੀ ਕਟੌਤੀ ਆਏਗੀ। ਵਾਹਨਾਂ ਵਿੱਚ ਵਿਕਰੀ ਵਿੱਚ ਆਈ ਰੁਕਾਵਟ ਕਾਰਨ ਪਿਛਲੇ ਤਿੰਨ ਮਹੀਨਿਆਂ ਵਿੱਚ ਸਥਾਨਕ ਡੀਲਰਾਂ ਨੇ ਦੇਸ਼ ਭਰ ਵਿੱਚ ਲਗਭਗ ਦੋ ਲੱਖ ਕਰਮਚਾਰੀਆਂ ਨੂੰ ਨੌਕਰੀ ਤੋਂ ਹਟਾ ਦਿੱਤਾ ਹੈ। ਨੌਕਰੀਆਂ ਵਿੱਚ ਕੱਟ-ਵੱਢ ਦਾ ਇਹ ਦੌਰ ਜੂਨ-ਜੁਲਾਈ ਵਿੱਚ ਵੀ ਜਾਰੀ ਰਿਹਾ ਹੈ। ਦੇਸ਼ ਵਿੱਚ 15, 000 ਡੀਲਰ ਹਨ, ਜਿਹੜੇ 26 ਹਜ਼ਾਰ ਸ਼ੋਅ-ਰੂਮ ਚਲਾਉਂਦੇ ਹਨ, ਜਿਹਨਾਂ ਵਿੱਚ 25 ਲੱਖ ਨੂੰ ਸਿੱਧੇ ਤੌਰ 'ਤੇ ਅਤੇ 25 ਲੱਖ ਨੂੰ ਅਸਿੱਧੇ ਤੌਰ 'ਤੇ ਰੁਜ਼ਗਾਰ ਮਿਲਿਆ ਹੋਇਆ ਹੈ। ਪਿਛਲੇ 18 ਮਹੀਨਿਆਂ ਵਿੱਚ 271 ਸ਼ਹਿਰਾਂ ਵਿੱਚ 286 ਸ਼ੋਅ-ਰੂਮ ਬੰਦ ਹੋ ਚੁੱਕੇ ਹਨ ਜਿਹਨਾਂ ਵਿੱਚ 32, 000 ਲੋਕ ਬੇਰੁਜ਼ਗਾਰ ਹੋ ਗਏ ਹਨ। ਪਿਛਲੇ ਇੱਕ ਮਹੀਨੇ ਵਿੱਚ ਨਿਵੇਸ਼ਕਾਂ ਨੂੰ ਲਗਭਗ 15 ਲੱਖ ਕਰੋੜ ਰੁਪਏ ਦਾ ਨੁਕਸਾਨ ਹੋਇਆ ਹੈ, ਜੋ ਵਿਸ਼ਵ ਪੱਧਰ 'ਤੇ ਭਾਰਤੀ ਸ਼ੇਅਰ ਬਜ਼ਾਰ ਵਿੱਚ ਸਭ ਤੋਂ ਖਰਾਬ ਪ੍ਰਦਰਸ਼ਨ ਗਿਣਿਆ ਜਾ ਰਿਹਾ ਹੈ। ਇਹੋ ਜਿਹਿਆਂ ਹਾਲਤਾਂ ਵਿੱਚ ਨਿਵੇਸ਼ ਕਿਵੇਂ ਹੋਏਗਾ? ਦੇਸ਼ ਦੀ ਆਰਥਿਕ ਵਿਵਸਥਾ ਵਿੱਚ ਇਹ ਮੰਦੀ ਆਖ਼ਿਰ ਕਿਉਂ ਆ ਰਹੀ ਹੈ? ਅਰਥ-ਵਿਵਸਥਾ ਵਿੱਚ ਸੁਸਤੀ ਦਾ ਮੁੱਖ ਕਾਰਨ ਪ੍ਰਾਪਤ ਸਾਧਨਾਂ ਦੇ ਭੈੜੇ ਪ੍ਰਬੰਧ ਕਾਰਨ ਹੁੰਦਾ ਹੈ। ਕੇਂਦਰ ਸਰਕਾਰ ਦਾ ਖਰਚ 10.4 ਲੱਖ ਕਰੋੜ ਤੋਂ ਵੱਧ ਕੇ 24.5 ਲੱਖ ਕਰੋੜ ਹੋ ਗਿਆ ਹੈ। ਰਿਜ਼ਰਵ ਬੈਂਕ ਅਨੁਸਾਰ 2009 ਵਿੱਚ ਕੇਂਦਰ ਅਤੇ ਸੂਬਾ ਸਰਕਾਰਾਂ ਦਾ ਖ਼ਰਚ 18.5 ਲੱਖ ਕਰੋੜ ਸੀ ਜੋ ਕਿ 2019 ਵਿੱਚ ਇਹ ਵਧਕੇ 53.6 ਲੱਖ ਕਰੋੜ ਹੋ ਗਿਆ ਹੈ। ਸਾਲ 2018-19 ਵਿੱਚ ਖਜ਼ਾਨੇ ਵਿੱਚ 22.71 ਲੱਖ ਕਰੋੜ ਰੁਪਏ ਆਉਣ ਦਾ ਅੰਦਾਜ਼ਾ ਸੀ ਜੋ ਆਮ ਤੋਂ 1.91 ਲੱਖ ਕਰੋੜ ਰੁਪਏ ਘੱਟ ਆਇਆ ਹੈ। ਇਹ ਸਥਿਤੀ ਸਰਕਾਰੀ ਪ੍ਰਬੰਧ, ਜਿਸ ਵਿੱਚ ਵੱਡੀ ਟੈਕਸ ਚੋਰੀ ਵੀ ਸ਼ਾਮਲ ਹੈ, ਕਾਰਨ ਵੀ ਹੋਈ ਅਤੇ ਦੇਸ਼ ਦੇ ਭੈੜੇ ਹਫੜਾ-ਤਫੜੀ ਵਾਲੇ ਮਾਹੌਲ ਕਾਰਨ ਵੀ। ਆਰਥਿਕ ਦਬਾਅ ਅਤੇ ਕਰਜ਼ਾ ਨਾ ਚੁਕਾਏ ਜਾਣ ਕਾਰਨ ਖੁਦਕੁਸ਼ੀਆਂ ਦਾ ਦਬਾਅ ਵਧ ਰਿਹਾ ਹੈ। ਇਹ ਖੁਦਕੁਸ਼ੀਆਂ ਖੇਤੀ ਸੰਕਟ ਕਾਰਨ, ਖੇਤੀ ਖੇਤਰ ਦੇ ਕਿਸਾਨ ਅਤੇ ਕਾਮੇ ਹੀ ਨਹੀਂ ਕਰ ਰਹੇ ਸਗੋਂ ਛੋਟੇ ਉਦਯੋਗਪਤੀ ਵੀ ਇਸ ਰਾਹੇ ਤੁਰਨ ਲਈ ਮਜਬੂਰ ਹੋਏ ਹਨ। ਕੈਫੇ ਕਾਫੀ ਡੇ ਦੀ ਕੰਪਨੀ ਦੇ ਮਾਲਕ ਜੇ ਬੀ ਸਿਧਾਰਥ ਦੀ ਖੁਦਕੁਸ਼ੀ ਦੀ ਖ਼ਬਰ ਨੇ ਇਸ ਕਠੋਰ ਸੱਚ ਨੂੰ ਸਾਹਮਣੇ ਲਿਆ ਦਿੱਤਾ ਹੈ ਕਿ ਛੋਟੇ ਉਦਯੋਗੀਆਂ ਨੂੰ ਆਪਣਾ ਕਾਰੋਬਾਰ ਆਪਣੇ ਬਲਬੂਤੇ 'ਤੇ ਕਰਨਾ ਪੈਂਦਾ ਹੈ ਅਤੇ ਜਦੋਂ ਉਹਨਾਂ ਦੀ ਕੋਈ ਬਾਂਹ ਨਹੀਂ ਫੜਦਾ, ਉਹ ਮੂਧੇ ਮੂੰਹ ਡਿੱਗਦੇ ਹਨ। ਉੱਤਰ ਪ੍ਰਦੇਸ਼ ਦੇ 36 ਵਰ੍ਹਿਆਂ ਦੇ ਗੰਨਾ ਕਿਸਾਨ ਰਮਨ ਸਿੰਘ ਦੇ ਸਾਹਮਣੇ ਆਪਣਾ ਪੂਰਾ ਜੀਵਨ ਪਿਆ ਸੀ। ਉਸਦੇ ਦੋ ਬੱਚੇ ਸਨ। ਬੁੱਢੇ ਮਾਂ-ਪਿਉ ਸੀ, ਪਤਨੀ ਸੀ। ਪਰ ਦੋ ਸਾਲ ਉਸਦੀ ਫ਼ਸਲ ਖਰਾਬ ਹੋ ਗਈ। ਭਾਰੀ ਆਰਥਿਕ ਨੁਕਸਾਨ ਹੋਇਆ। ਫ਼ਸਲ ਦੀ ਕੀਮਤ ਘੱਟ ਮਿਲੀ, ਜੋ ਉਹਦੇ ਖਰਚੇ ਵੀ ਪੂਰੇ ਨਾ ਕਰ ਸਕੀ। ਉਸਨੇ ਆਪਣੇ ਆਪ ਨੂੰ ਹੀ ਨਹੀਂ, ਸਾਰੇ ਪਰਿਵਾਰ ਨੂੰ ਹੀ ਮਾਰ ਦਿੱਤਾ। ਉੱਤਰ ਪ੍ਰਦੇਸ਼ ਦਾ 'ਰਮਨ' ਇੱਕ ਨਹੀਂ, ਇਹ ਦੇਸ਼ ਦੇ ਹਰ ਹਿੱਸੇ ਦੀ ਕਿਸਾਨ-ਕਹਾਣੀ ਬਣ ਚੁੱਕਾ ਹੈ। ਜਦ ਕਿਸਾਨ ਇਹੋ ਜਿਹਾ 'ਅੱਤਵਾਦੀ' ਕਦਮ ਚੁੱਕਣ ਲਈ ਮਜਬੂਰ ਹੋ ਬੈਠਦਾ ਹੈ ਤਾਂ ਸਮਝੋ ਉਹ ਆਰਥਿਕ ਪੱਖੋਂ ਟੁੱਟਿਆ ਹੋਇਆ ਹੈ, ਉਸਦੀ ਕੋਈ ਬਾਂਹ ਫੜਨ ਵਾਲਾ ਨਹੀਂ ਹੈ, ਨਾ ਸਮਾਜ, ਨਾ ਸਰਕਾਰ! ਛੋਟੇ ਉਦਮੀਆਂ, ਜਿਹਨਾਂ ਵਿੱਚ ਕਿਸਾਨ ਵੀ ਸ਼ਾਮਲ ਹਨ, ਪ੍ਰਤੀ ਸਰਕਾਰਾਂ ਦਾ ਰਵੱਈਆ ਸਦਾ ਹੀ ਨਿਰਾਸ਼ਾਵਾਦੀ ਰਿਹਾ ਹੈ। ਸਰਕਾਰਾਂ ਅਤੇ ਮੁੱਖ ਧਾਰਾ ਦਾ ਮੀਡੀਆ ਤਾਂ ਕਿਸਾਨਾਂ ਨੂੰ ਉੱਦਮੀ ਜਾਂ ਕਾਰੋਬਾਰੀ ਹੀ ਨਹੀਂ ਮੰਨਦਾ। ਉਂਜ ਵੀ ਸਰਕਾਰਾਂ ਨੇ ਇਹਨਾਂ ਦੇ ਭਲੇ ਲਈ ਕਦੇ ਪਹਿਲਕਦਮੀ ਨਹੀਂ ਕੀਤੀ। ਡਾ. ਸਵਾਮੀਨਾਥਨ ਦੀ ਰਿਪੋਰਟ ਜੋ ਕਿਸਾਨਾਂ ਨੂੰ ਆਪਣੀ ਫ਼ਸਲ ਦਾ ਘੱਟੋ-ਘੱਟ ਸਮਰਥਨ ਮੁੱਲ ਅਤੇ ਕੁਝ ਕੁ ਵੱਧ ਮੁਨਾਫਾ ਦੇਣ ਦੀ ਗੱਲ ਕਰਦੀ ਹੈ, ਉਸਨੂੰ ਰੱਦੀ ਦੀ ਟੋਕਰੀ ਵਿੱਚ ਸੁੱਟ ਦਿੱਤਾ ਹੋਇਆ ਹੈ। ਸਰਕਾਰੀ ਫ਼ਸਲ ਬੀਮਾ ਯੋਜਨਾਵਾਂ ਇਹੋ ਜਿਹੀਆਂ ਨਕਾਰਾ ਹਨ, ਜੋ ਕਿਸਾਨਾਂ ਨਾਲੋਂ ਵਧ ਬੀਮਾ ਕੰਪਨੀਆਂ ਦਾ ਢਿੱਡ ਭਰਦੀਆਂ ਹਨ। ਕੀ ਇਹ ਸਾਡੀਆਂ ਸਰਕਾਰਾਂ ਦੀ ਆਰਥਿਕ ਵਿਵਸਥਾ ਦੀ ਅਸਫਲਤਾ ਹੀ ਨਹੀਂ ਹੈ ਕਿ ਨੌਜਵਾਨ ਉੱਦਮੀ ਅਤੇ ਕਿਸਾਨ ਉੱਦਮੀ ਖੁਦਕੁਸ਼ੀ ਕਰਨ ਜਿਹਾ ਭਿਆਨਕ ਕਦਮ ਉਠਾਉਣ ਲਈ ਮਜਬੂਰ ਹੋ ਰਹੇ ਹਨ। ਹੁਣ ਦੇ ਸਾਲਾਂ ਵਿੱਚ ਕਿਸਾਨ ਖੁਦਕੁਸ਼ੀਆਂ ਦਾ ਵਰਤਾਰਾ ਵਧਿਆ ਹੈ, ਖੁਦਕੁਸ਼ੀ ਘਟਨਾਵਾਂ ਵਧੀਆਂ ਹਨ। 2016 ਦੀ ਨੋਟਬੰਦੀ ਦੇ ਬਾਅਦ ਇੱਕ ਅਲੱਗ ਜਿਹਾ ਮੋੜ ਇਹਨਾਂ ਘਟਨਾਵਾਂ ਨੇ ਕੱਟਿਆ ਹੈ, ਜਦ ਨੋਟਬੰਦੀ ਦੇ ਕਾਰਨ ਫਸਲਾਂ ਦੀ ਕੀਮਤ ਬੁਰੀ ਤਰ੍ਹਾਂ ਪ੍ਰਭਾਵਤ ਹੋਈ। ਕਈ ਛੋਟੇ ਕਿਸਾਨਾਂ ਨੂੰ ਜਾਂ ਤਾਂ ਆਪਣੀ ਫ਼ਸਲ ਘੱਟ ਕੀਮਤ ਤੇ ਵੇਚਣੀ ਪਈ ਜਾਂ ਜਦੋਂ ਇਹ ਫ਼ਸਲ ਨਾ ਵਿਕੀ ਤਾਂ ਵਿਅਰਥ ਗਈ ਜਾਂ ਖਰਾਬ ਹੋ ਗਈ ਤਾਂ ਸਥਿਤੀ ਇਹੋ ਜਿਹੀ ਬਣੀ ਕਿ ਕਿਸਾਨ ਕੋਲ ਅਗਲੀ ਫ਼ਸਲ ਬੀਜਣ ਲਈ ਪੈਸੇ ਦੀ ਕਮੀ ਆਈ। ਸਰਕਾਰ ਨੇ ਜੀ.ਐੱਸ.ਟੀ. ਅਧੀਨ ਇੱਕ ਦੇਸ਼ ਇੱਕ ਟੈਕਸ ਦੀ ਗੱਲ ਤਾਂ ਕਰ ਦਿੱਤੀ, ਇਸਦਾ ਬਹੁਤਾ ਅਸਰ ਛੋਟੇ ਕਾਰੋਬਾਰੀਆਂ ਉੱਤੇ ਪਿਆ। ਉਹਨਾਂ ਵਿੱਚੋਂ ਕੁਝ ਲੋਕਾਂ ਨੂੰ ਆਪਣਾ ਕਾਰੋਬਾਰ ਸਮੇਟਣਾ ਪਿਆ। ਕਈਆਂ ਨੂੰ ਹੋਰ ਥਾਵਾਂ ਉੱਤੇ ਨਿਗੁਣੀਆਂ ਤਨਖਾਹਾਂ ਉੱਤੇ ਨੌਕਰੀਆਂ ਤੱਕ ਕਰਨੀਆਂ ਪਈਆਂ। ਕਈਆਂ ਨੇ ਖੁਦਕੁਸ਼ੀਆਂ ਦਾ ਰਾਹ ਅਪਣਾਇਆ। ਪਰ ਇਹੋ ਜਿਹੀਆਂ ਮੌਤਾਂ ਉੱਤੇ ਸਮਾਜ ਅਤੇ ਸਰਕਾਰ ਦੀ ਉਦਾਸੀਨਤਾ ਵੇਖੋ ਕਿ ਉਹਨਾਂ ਨੇ ਇਹਨਾਂ ਮੌਤਾਂ ਦੀ ਪਰਵਾਹ ਹੀ ਨਹੀਂ ਕੀਤੀ। ਕਿਸਾਨ ਅਤੇ ਛੋਟੇ ਕਾਰੋਬਾਰੀਏ ਇਸ ਸਮੇਂ ਕਠਿਨ ਅਤੇ ਤਣਾਅ ਭਰੀਆਂ ਹਾਲਤਾਂ ਵਿੱਚ ਜੀਉ ਰਹੇ ਹਨ। ਉਹਨਾਂ ਦੇ ਸਾਹਮਣੇ ਵੱਡੀਆਂ ਚਣੌਤੀਆਂ ਹਨ। ਬਦਲਦੇ ਕਾਰੋਬਾਰੀ ਮਾਹੌਲ ਅਤੇ ਵਿਕਾਸ ਦੇ ਦਬਾਅ ਕਾਰਨ ਉਹਨਾਂ ਦੀਆਂ ਮੁਸ਼ਕਲਾਂ ਵਧ ਰਹੀਆਂ ਹਨ। ਦੇਸ਼ ਦੀ ਆਰਥਿਕ ਵਿਵਸਥਾ ਦੀਆਂ ਭੈੜੀਆਂ ਨੀਤੀਆਂ ਦਾ ਹੀ ਸਿੱਟਾ ਹੈ ਕਿ ਵੱਡੇ ਉਦਯੋਗਪਤੀਆਂ ਦੇ ਵੱਡੇ ਕਰਜ਼ੇ ਵੱਟੇ-ਖਾਤੇ ਪਾ ਦਿੱਤੇ ਜਾਂਦੇ ਹਨ, ਉਹਨਾਂ ਨੂੰ ਖਰਾਬ ਕਰਜ਼ੇ ਗਰਦਾਨ ਕੇ ਮੁਆਫ਼ ਕਰ ਦਿੱਤਾ ਜਾਂਦਾ ਹੈ, ਪਰ ਛੋਟੇ ਕਾਰੋਬਾਰੀਆਂ ਅਤੇ ਕਿਸਾਨਾਂ ਦੇ ਹਜ਼ਾਰਾਂ ਦੇ ਕਰਜ਼ਿਆਂ ਨੂੰ ਮੁਆਫ਼ ਕਰਨ ਲੱਗਿਆ ਹੀਲ-ਹੁੱਜਤ ਕੀਤੀ ਜਾਂਦੀ ਹੈ ਅਤੇ ਬਹੁਤੀ ਵੇਰ ਇਹਨਾਂ ਕਰਜ਼ਿਆਂ ਕਾਰਨ ਉਹਨਾਂ ਨੂੰ ਜੇਲ ਦੀ ਯਾਤਰਾ ਤੱਕ ਕਰਵਾ ਦਿੱਤੀ ਜਾਂਦੀ ਹੈ। ਅਸਲ ਵਿੱਚ ਗਲਤ ਅਤੇ ਮਨੋਂ ਨਾ ਕੀਤੇ ਜਾਣ ਵਾਲੇ ਸੁਧਾਰਾਂ ਕਾਰਨ ਦੇਸ਼ ਵਿੱਚ ਕਾਰੋਬਾਰੀ ਮਾਹੌਲ ਦਿਨ-ਪ੍ਰਤੀ ਵਿਗੜਦਾ ਜਾ ਰਿਹਾ ਹੈ। ਕੇਂਦਰ ਸਰਕਾਰ ਵਲੋਂ ਵੋਟਾਂ ਵਟੋਰਨ ਲਈ ਦਿੱਤੀ ਜਾ ਰਹੀ ਸਬਸਿਡੀ ਜਾਂ ਸਹੂਲਤਾਂ ਵੱਖ-ਵੱਖ ਖੇਤਰਾਂ ਨੂੰ ਘੁਣ ਵਾਂਗ ਖਾ ਰਹੀ ਹੈ। ਦੇਸ਼ ਦੀ ਭੈੜੀ ਅਰਥ-ਵਿਵਸਥਾ, ਆਮ ਆਦਮੀ ਲਈ ਲਗਾਤਾਰ ਬੁਰੀ ਪੈ ਰਹੀ ਹੈ, ਜਿਹੜਾ ਇਸਦੇ ਸਿੱਟੇ ਵਜੋਂ ਰੁਜ਼ਗਾਰ ਤੋਂ ਬਾਂਝਾ ਹੋ ਰਿਹਾ, ਨਿੱਤ ਪ੍ਰਤੀ ਕਰਜ਼ਾਈ ਹੋ ਰਿਹਾ ਹੈ ਅਤੇ ਜਿਸਨੂੰ ਆਪਣੀਆਂ ਘੱਟੋ-ਘੱਟ ਜੀਊਣ ਦੀਆਂ ਲੋੜਾਂ ਪੂਰੀਆਂ ਕਰਨ ਲਈ ਸੰਘਰਸ਼ ਕਰਨਾ ਪੈ ਰਿਹਾ ਹੇ। ਦੇਸ਼ ਦਾ ਹਰ ਨਾਗਰਿਕ ਭੈੜੇ ਪ੍ਰਬੰਧ ਅਤੇ ਸਿਆਸਤਦਾਨਾਂ ਦੀ ਖ਼ਰਚੀਲੀ ਰਾਜਾ ਸ਼ਾਹੀ ਰਾਜ-ਪ੍ਰਣਾਲੀ ਕਾਰਨ 74000 ਰੁਪਏ ਪ੍ਰਤੀ ਵਿਅਕਤੀ ਦੇ ਕਰਜ਼ੇ ਹੇਠ ਡੁਬਿਆ ਹੈ। ਇਹ ਉਸ ਸਿਰ ਰਾਜ ਪ੍ਰਬੰਧ ਦਾ ਕਰਜ਼ਾ ਹੈ, ਉਸਦਾ ਜ਼ਿੰਦਗੀ ਜੀਊਣ ਲਈ ਲਿਆ ਨਿੱਜੀ ਕਰਜ਼ਾ ਉਸ ਤੋਂ ਵੱਖਰਾ ਹੈ। ਦੇਸ਼ ਦੀਆਂ ਸੂਬਾ ਸਰਕਾਰਾਂ ਅਤੇ ਕੇਂਦਰੀ ਸਰਕਾਰ 2019 ਤੱਕ 97 ਲੱਖ ਕਰੋੜ ਦੇ ਕਰਜ਼ੇ ਹੇਠ ਹਨ। ਇਹ ਕਰਜ਼ਾ ਪਿਛਲੇ 5 ਸਾਲਾਂ ਵਿੱਚ 49 ਫੀਸਦੀ ਵਧਿਆ ਹੈ। ਦੇਸ਼ ਸਿਰ ਚੜ੍ਹੇ ਕਰਜ਼ੇ ਦੇ ਇਸ ਹਿੱਸੇ ਵਜੋਂ ਆਮ ਆਦਮੀ ਨੂੰ ਕੀ ਮਿਲਦਾ ਹੈ? ਘਰ ਵਿੱਚ ਕੋਈ ਛੱਤ? ਘਰ ਵਿੱਚ ਕਿਸੇ ਜੀਅ ਨੂੰ ਨੌਕਰੀ? ਦੋ ਡੰਗ ਰੋਟੀ? ਸਿੱਖਿਆ ਦੀ ਕੋਈ ਸਹੂਲਤ? ਸਿਹਤ ਦੀ ਕੋਈ ਸਹੂਲਤ? ਸਮਾਜਿਕ ਸੁਰੱਖਿਆ ਲਈ ਕੋਈ ਰਕਮ? ਕੋਈ ਕੱਪੜਾ-ਲੱਤਾ? ਕੁਝ ਵੀ ਨਹੀਂ, ਜੇ ਕੁਝ ਆਮ ਆਦਮੀ ਨੂੰ ਮਿਲ ਰਿਹਾ ਹੈ ਤਾਂ ਭੁੱਖ, ਗਰੀਬੀ, ਗੰਦਾ ਵਾਤਾਵਰਨ, ਔਲਾਦ ਲਈ ਅਨਪੜ੍ਹਤਾ ਅਤੇ ਛੱਤ ਦੇ ਨਾਮ ਉੱਤੇ ਖੁਲ੍ਹਾ ਆਕਾਸ਼। ਕੀ ਮਿਲੀਅਨ, ਟ੍ਰਿਲਿਅਨ ਅਰਥ-ਵਿਵਸਥਾ ਬਣਨ ਜਾ ਰਹੇ ਦੇਸ਼ ਨੂੰ ਆਮ ਆਦਮੀ ਵੱਲ ਝਾਤੀ ਮਾਰਨ ਦੀ ਲੋੜ ਨਹੀਂ?

# ਕੈਂਸਰ ਤੋਂ ਬਚਣ ਲਈ ਪੌਸ਼ਟਿਕ ਭੋਜਨ ਖਾਓ

ਰੇਨੂਕਾ ਅਗਰਵਾਲ ਅਤੇ ਸੋਨਿਕਾ ਸ਼ਰਮਾ



ਕੈਂਸਰ ਇੱਕ ਅਜਿਹੀਆਂ ਬਿਮਾਰੀਆਂ ਦਾ ਸਮੂਹ ਹੈ ਜਿਸ ਵਿੱਚ ਸਰੀਰ ਦੇ ਸੈੱਲਾਂ ਦੀ ਬਣਤਰ ਖ਼ਰਾਬ ਹੋ ਜਾਂਦੀ ਹੈ ਅਤੇ ਇਹ ਖ਼ਰਾਬ ਬਣਤਰ ਵਾਲੇ ਸੈੱਲ ਸਰੀਰ ਵਿੱਚ ਫੈਲਣ ਲਗਦੇ ਹਨ। ਭਾਰਤ ਵਿੱਚ ਮਰਦਾਂ ਵਿੱਚ ਸਭ ਤੋਂ ਵੱਧ ਫੇਫੜੇ ਅਤੇ ਮੂੰਹ ਦਾ ਕੈਂਸਰ ਹੁੰਦਾ ਹੈ ਜਦੋਂਕਿ ਔਰਤਾਂ ਵਿੱਚ ਸਰਵਾਈਕਲ ਅਤੇ ਛਾਤੀ ਦਾ ਕੈਂਸਰ ਜ਼ਿਆਦਾ ਹੁੰਦਾ ਹੈ। ਸਾਲ 2010 ਵਿੱਚ ਭਾਰਤ ਵਿੱਚ 5,56,400 ਮੌਤਾਂ ਕੈਂਸਰ ਕਾਰਨ ਹੋਈਆਂ। ਇਨ੍ਹਾਂ ਵਿੱਚੋਂ 71 ਫ਼ੀਸਦੀ 30-69 ਸਾਲ ਦੀ ਉਮਰ ਦੇ ਸਨ।

ਭਾਰਤ ਵਿੱਚ ਕੈਂਸਰ ਦਾ ਮੁੱਖ ਕਾਰਨ ਤੰਬਾਕੂ ਹੈ। ਸੰਸਾਰ ਵਿੱਚ ਭਾਰਤ ਹੀ ਇੱਕ ਅਜਿਹਾ ਦੇਸ਼ ਹੈ ਜਿੱਥੇ ਮੂੰਹ ਦਾ ਕੈਂਸਰ ਸਭ ਤੋਂ ਜ਼ਿਆਦਾ ਪਾਇਆ ਜਾਂਦਾ ਹੈ। ਮੁਲਕ ਵਿੱਚ ਹਰ ਸਾਲ ਤਕਰੀਬਨ 75,000 ਤੋਂ 80,000 ਨਵੇਂ ਮਰੀਜ਼ ਕੈਂਸਰ ਦੀ ਸੂਚੀ ਵਿੱਚ ਸ਼ਾਮਿਲ ਹੋ ਜਾਂਦੇ ਹਨ। ਪੰਜਾਬ ਦੇ ਮਾਲਵਾ ਇਲਾਕੇ ਵਿੱਚ ਜ਼ਿਆਦਾ ਕੈਂਸਰ ਦੇ ਮਰੀਜ਼ ਪਾਏ ਜਾਂਦੇ ਹਨ। 20-30 ਫ਼ੀਸਦੀ ਮਰੀਜ਼ਾਂ ਨੂੰ ਕੈਂਸਰ ਗਲਤ ਖਾਣ ਦੀਆਂ ਆਦਤਾਂ ਅਤੇ ਸੰਜੋਗ ਦੇ ਤਰੀਕੇ ਕਾਰਨ ਹੁੰਦਾ ਹੈ। ਉਂਜ, ਕੈਂਸਰ ਕਈ ਕਾਰਨਾਂ ਕਰਕੇ ਹੋ ਸਕਦਾ ਹੈ ਜਿਵੇਂ ਕਿ ਰਹਿਣ-ਸਹਿਣ ਦਾ ਤਰੀਕਾ, ਵਾਤਾਵਰਣ, ਪਰਿਵਾਰਕ ਚਲਣ ਅਤੇ ਤਣਾਓ।

ਰਹਿਣ-ਸਹਿਣ ਦੇ ਤਰੀਕਿਆਂ ਵਿੱਚ ਖ਼ਾਸ ਤੌਰ 'ਤੇ ਸਿਗਰਿਟ ਪੀਣਾ, ਜ਼ਿਆਦਾ ਫੈਟ ਵਾਲਾ ਭੋਜਨ ਖਾਣਾ, ਫਲਾਂ-ਸਬਜ਼ੀਆਂ ਦਾ ਘੱਟ ਪ੍ਰਯੋਗ, ਕਸਰਤ ਨਾ ਕਰਨਾ, ਸੂਰਜ ਦੀਆਂ ਪਰਾਬੈਂਗਣੀ ਕਿਰਨਾਂ ਦੇ ਸੰਪਰਕ ਵਿੱਚ ਜ਼ਿਆਦਾ ਰਹਿਣਾ ਅਤੇ ਮੋਟਾਪਾ ਆਦਿ ਸ਼ਾਮਿਲ ਹਨ। ਵਾਤਾਵਰਣ ਵੀ ਕਾਫ਼ੀ ਹੱਦ ਤਕ ਕੈਂਸਰ ਦਾ ਕਾਰਨ ਬਣ ਸਕਦਾ ਹੈ ਜਿਵੇਂ ਕਿ ਘਰ ਵਿੱਚ ਧੂੰਆਂ, ਹਵਾ ਦਾ ਪ੍ਰਦੂਸ਼ਣ, ਫੈਕਟਰੀਆਂ ਦਾ ਪ੍ਰਦੂਸ਼ਣ ਤੇ ਰਸਾਇਣਿਕ ਪਦਾਰਥਾਂ ਨਾਲ ਕੰਮ ਕਰਨਾ ਆਦਿ। ਕੈਂਸਰ ਤੋਂ ਬਚਣ ਲਈ ਸਰੀਰ ਵਿੱਚ ਪੈਦਾ ਹੋਣ ਵਾਲੇ ਕੁੱਝ ਲੱਛਣਾਂ ਦਾ ਧਿਆਨ ਰੱਖਣਾ ਬਹੁਤ ਜ਼ਰੂਰੀ ਹੈ ਤੇ ਇਹ ਲੱਛਣ ਹਨ:

× ਗਲਾ ਖ਼ਰਾਬ ਜੋ ਕਿ ਠੀਕ ਹੀ ਨਾ ਹੋਵੇ।
× ਬਿਨ੍ਹਾਂ ਕਾਰਨ ਖ਼ੂਨ ਨਿਕਲਣਾ ਅਤੇ ਡਿਸਚਾਰਜ ਹੋਣਾ।
× ਖਾਣ ਵਿੱਚ ਹਮੇਸ਼ਾ ਮੁਸ਼ਕਲ ਹੋਣਾ।
× ਕਿਸੇ ਵੀ ਦਿਖਣ ਵਾਲੇ ਮੌਕੇ ਦਾ ਆਕਾਰ ਬਦਲਣਾ।
× ਖਾਂਸੀ ਠੀਕ ਨਾ ਹੋਣਾ ਅਤੇ ਬਲੈਡਰ ਵਿੱਚ ਤਬਦੀਲੀ।
× ਸਰੀਰ ਦੇ ਕਿਸੇ ਵੀ ਅੰਗ ਦਾ ਬਿਨ੍ਹਾਂ ਕਾਰਨ ਸੁੱਜਣਾ।

30 ਫ਼ੀਸਦੀ ਤੋਂ ਜ਼ਿਆਦਾ ਕੈਂਸਰ ਕੇਸਾਂ ਨੂੰ ਕੇਵਲ ਕੈਂਸਰ ਪੈਦਾ ਕਰਨ ਵਾਲੇ ਕਾਰਨਾਂ ਨੂੰ ਬਦਲ ਕੇ ਜਾਂ ਉਨ੍ਹਾਂ ਤੋਂ ਬਚ ਕੇ ਹੀ ਰੋਕਿਆ ਜਾ ਸਕਦਾ ਹੈ। ਰੋਜ਼ਮਰ੍ਹਾ ਦੀਆਂ ਭੋਜਨ ਸਬੰਧੀ ਆਦਤਾਂ ਵਿੱਚ ਹੀ ਤਬਦੀਲੀ ਕਰਕੇ ਅਸੀਂ ਇਸ ਭਿਆਨਕ ਰੋਗ ਤੋਂ ਬਚ ਸਕਦੇ ਹਾਂ। ਹੋਈਆਂ ਖੋਜਾਂ ਤੋਂ ਬਾਅਦ ਇਹ ਪਤਾ ਚੱਲਿਆ ਹੈ ਕਿ ਕੁਦਰਤੀ ਤੌਰ 'ਤੇ ਪਾਏ ਜਾਣ ਵਾਲੀਆਂ ਖ਼ੁਰਾਕੀ ਵਸਤਾਂ ਵਿੱਚ ਕੈਂਸਰ ਨੂੰ ਰੋਕਣ ਦੀ ਬਹੁਤ ਤਾਕਤ ਹੁੰਦੀ ਹੈ। ਇਨ੍ਹਾਂ ਖ਼ੁਰਾਕੀ ਵਸਤਾਂ ਵਿੱਚ ਕੁਦਰਤੀ ਮਸਾਲੇ ਸਭ ਤੋਂ ਮਹੱਤਵਪੂਰਨ ਹਨ ਜਿਵੇਂ ਕਿ ਮਿਰਚ, ਅਦਰਕ, ਲਸਣ, ਹਲਦੀ, ਇਲਾਚੀ, ਮੇਥੇ, ਸੌਂਫ, ਜੀਰਾ, ਧਨੀਆ, ਦਾਲ ਚੀਨੀ, ਅਜਵੈਨ, ਲੌਂਗ ਅਤੇ ਜਵੀਤਰੀ ਆਦਿ। ਇਹ ਮਸਾਲੇ ਸਾਡੇ ਪੰਜਾਬੀ ਖ਼ੁਰਾਕ ਦਾ ਮਹੱਤਵਪੂਰਨ ਹਿੱਸਾ ਵੀ ਹਨ। ਪਰ ਸਾਨੂੰ ਇਨ੍ਹਾਂ ਮਸਾਲਿਆਂ ਨੂੰ ਹੋਰ ਜ਼ਿਆਦਾ ਵਰਤਣਾ ਚਾਹੀਦਾ ਹੈ ਤਾਂ ਜੋ ਅਸੀਂ ਕੈਂਸਰ ਵਰਗੀ ਬਿਮਾਰੀ ਤੋਂ ਬਚ ਸਕੀਏ। ਹਰ ਇੱਕ ਮਸਾਲੇ ਦੀ ਆਪਣੀ ਸੁਗੰਧ ਅਤੇ ਮਹੱਤਤਾ ਹੈ। ਇਨ੍ਹਾਂ ਦੀ ਵਰਤੋਂ ਨਾਲ ਸਾਨੂੰ ਘੱਟ ਕੈਲਰੀਜ਼ ਨਾਲ ਜ਼ਿਆਦਾ ਸਵਾਦ ਖਾਣਾ ਮਿਲ ਸਕਦਾ ਹੈ। ਇਸ ਤੋਂ ਇਲਾਵਾ ਇਨ੍ਹਾਂ ਵਿੱਚ ਫਾਈਟੋਨੂਟਰੀਏਂਟਜ਼ ਹੁੰਦੇ ਹਨ ਜੋ ਕਿ ਕੈਂਸਰ ਤੋਂ ਬਚਾਉਂਦੇ ਹਨ।

ਇਨ੍ਹਾਂ ਮਸਾਲਿਆਂ ਦੇ ਨਾਲ ਹੀ ਸਾਨੂੰ ਪੌਸ਼ਟਿਕ ਭੋਜਨ ਖਾਣਾ ਚਾਹੀਦਾ ਹੈ ਜਿਸ ਵਿੱਚ ਸਾਬਤ ਅਨਾਜ, ਦਾਲਾਂ, ਸਬਜ਼ੀਆਂ ਅਤੇ ਫਲ ਸ਼ਾਮਿਲ ਹੋਣ। ਭੋਜਨ ਵਿੱਚ 30 ਫ਼ੀਸਦੀ ਤੋਂ ਜ਼ਿਆਦਾ ਫੈਟ ਵੀ ਨਹੀਂ ਹੋਣੀ ਚਾਹੀਦੀ ਅਤੇ ਸੈਚੂਰੇਟਡ/ਠੋਸ ਫੈਟ ਜਿਵੇਂ ਕਿ ਮੱਖਣ, ਘਿਓ ਅਤੇ ਮਲਾਈ ਆਦਿ ਦੀ ਵਰਤੋਂ ਬਹੁਤ ਘੱਟ ਕਰਨੀ ਚਾਹੀਦੀ ਹੈ। ਭੋਜਨ ਵਿੱਚ ਸਾਰੀਆਂ ਸਬਜ਼ੀਆਂ ਜਿਵੇਂ ਕਿ ਘੀਆ, ਤੋਰੀ, ਬੰਦ ਗੋਭੀ, ਗੋਭੀ ਅਤੇ ਹਰੀਆਂ ਪੱਤੇਦਾਰ ਸਬਜ਼ੀਆਂ ਆਦਿ ਜ਼ਿਆਦਾ ਹੋਣੀਆਂ ਚਾਹੀਦੀਆਂ ਹਨ। ਭੋਜਨ ਵਿੱਚ ਖ਼ੁਰਾਕੀ ਰੇਸ਼ਾ ਵਧਾਉਣ ਲਈ ਸਾਬਤ ਅਨਾਜ ਤੇ ਦਾਲਾਂ ਆਦਿ ਦਾ ਪ੍ਰਯੋਗ ਕਰਨਾ ਚਾਹੀਦਾ ਹੈ। ਭੋਜਨ ਨੂੰ ਹੋਰ ਪੌਸ਼ਟਿਕ ਬਣਾਉਣ ਲਈ ਭੋਜਨ ਪਕਾਉਣ ਦੇ ਵੱਖ ਵੱਖ ਤਰੀਕੇ ਜਿਵੇਂ ਕਿ ਭੁੰਨਣਾ, ਪੁੰਗਰਾਉਣਾ, ਖਮੀਰੀਕਰਨ, ਉਬਾਲਣਾ ਅਤੇ ਭਾਫ ਨਾਲ ਪਕਾਉਣਾ ਆਦਿ ਅਪਣਾਉਣੇ ਚਾਹੀਦੇ ਹਨ।

ਅੱਜ-ਕੱਲ੍ਹ ਦੇ ਦੌਰ ਵਿੱਚ ਹਰ ਵਿਅਕਤੀ ਫਾਸਟ ਫੂਡ (ਬਰਗਰ, ਪੀਜ਼ਾ ਆਦਿ) ਖਾਣਾ ਪਸੰਦ ਕਰਦਾ ਹੈ। ਫਾਸਟ ਫੂਡ ਵਿੱਚ ਜ਼ਿਆਦਾ ਮਾਤਰਾ ਵਿੱਚ ਤੇਲ ਅਤੇ ਕੈਲਰੀ ਹੋਣ ਕਾਰਨ ਇਹ ਬਹੁਤ ਹੀ ਨੁਕਸਾਨਦਾਇਕ ਹੁੰਦਾ ਹੈ। ਇਸ ਵਿੱਚ ਕੋਈ ਵੀ ਪੌਸ਼ਟਿਕ ਤੱਤ ਸਹੀ ਮਾਤਰਾ ਵਿੱਚ ਨਹੀਂ ਹੁੰਦਾ। ਫਾਸਟ ਫੂਡ ਜ਼ਿਆਦਾ ਖਾਣ ਨਾਲ ਕਈ ਤਰ੍ਹਾਂ ਦੀਆਂ ਬਿਮਾਰੀਆਂ ਹੋ ਸਕਦੀਆਂ ਹਨ ਅਤੇ ਇਹ ਕੈਂਸਰ ਦਾ ਵੀ ਕਾਰਨ ਬਣ ਸਕਦਾ ਹੈ। ਇਸ ਲਈ ਸਾਨੂੰ ਫਾਸਟ ਫੂਡ ਦੀ ਵਰਤੋਂ ਘੱਟ ਕਰਨੀ ਚਾਹੀਦੀ ਹੈ।

ਕੈਂਸਰ ਤੋਂ ਬਚਾਉਣ ਵਾਲੇ ਕੁੱਝ ਅਹਿਮ ਭੋਜਨ:

× ਖ਼ੁਰਾਕ ਵਿੱਚ ਬੀਟਾ-ਕੈਰੋਟੀਨ, ਵਿਟਾਮਿਨ 'ਈ' ਅਤੇ 'ਸੀ' ਵਾਲੇ ਭੋਜਨ ਜਿਵੇਂ ਕਿ ਆਂਵਲਾ, ਅਮਰੂਦ, ਆਲੂਬੁਖਾਰਾ, ਸੇਬ ਅਤੇ ਅਨਾਰ ਜ਼ਿਆਦਾ ਖਾਣੇ ਚਾਹੀਦੇ ਹਨ। ਇਹ ਤੱਤ ਐਂਟੀਆਕਸੀਡੈਂਟ ਦੇ ਰੂਪ ਵਿੱਚ ਕੰਮ ਕਰਕੇ ਸਾਨੂੰ ਕੈਂਸਰ ਤੋਂ ਬਚਾਉਂਦੇ ਹਨ।
× ਸਰਦੀਆਂ ਵਿੱਚ ਪਾਲਕ ਦੀ ਵਰਤੋਂ ਜ਼ਿਆਦਾ ਕਰਨੀ ਚਾਹੀਦੀ ਹੈ ਕਿਉਂਕਿ ਇਸ ਵਿੱਚ ਲੀਊਟਨ ਨਾਂ ਦਾ ਇੱਕ ਤੱਤ ਹੁੰਦਾ ਹੈ ਜੋ ਕਿ ਛਾਤੀ ਦੇ ਕੈਂਸਰ ਤੋਂ ਬਚਾਉਂਦਾ ਹੈ।
× ਸੋਇਆਬੀਨ ਵਿੱਚ ਆਈਸੋਫਲੇਵੋਨੋਲ ਹੁੰਦਾ ਹੈ ਜੋ ਕੈਂਸਰ ਤੋਂ ਬਚਾਉਂਦਾ ਹੈ।
× ਅਖਰੋਟ ਅਤੇ ਦਾਖਾਂ ਦੀ ਵਰਤੋਂ ਵੀ ਕਾਫ਼ੀ ਲਾਭਦਾਇਕ ਹੁੰਦੀ ਹੈ।
× ਲੌਂਗ ਦਾ ਤੇਲ, ਸਰ੍ਹੋਂ ਦਾ ਤੇਲ ਆਦਿ ਵੀ ਭੋਜਨ ਵਿੱਚ ਵਰਤਣਾ ਚਾਹੀਦਾ ਹੈ।
× ਜਵੀ (ਓਟਸ) ਵਿੱਚ ਫੀਨੋਲ ਹੁੰਦੇ ਹਨ ਜੋ ਕਿ ਕੈਂਸਰ ਤੋਂ ਬਚਾਉਂਦੇ ਹਨ।
× ਭੋਜਨ ਵਿੱਚ ਕੁਦਰਤੀ ਮਸਾਲਿਆਂ ਦੀ ਵਰਤੋਂ ਕਰਨੀ ਚਾਹੀਦੀ ਹੈ।

ਪੌਸ਼ਟਿਕ ਖ਼ੁਰਾਕ ਦੇ ਨਾਲ ਹੀ ਸਾਨੂੰ ਰੋਜ਼ਾਨਾ ਕਸਰਤ ਜਿਵੇਂ ਕਿ ਸੈਰ ਕਰਨਾ, ਖੇਡਣਾ ਤੇ ਨੱਚਣਾ ਆਦਿ ਚਾਹੀਦਾ ਹੈ। ਰੋਜ਼ਾਨਾ ਖ਼ੁਰਾਕ ਤੇ ਰਹਿਣ-ਸਹਿਣ ਵਿੱਚ ਥੋੜ੍ਹੀ ਜਿਹੀ ਤਬਦੀਲੀ ਕਰਕੇ ਹੀ ਅਸੀਂ ਇਸ ਭਿਆਨਕ ਰੋਗ ਤੋਂ ਬਚ ਸਕਦੇ ਹਾਂ।




# ਕਾਲੀ ਮਿਰਚ ਸਣੇ ਇਹ ਦੇਸੀ ਨੁਸਖੇ ਦਿਵਾਉਂਦੇ ਨੇ ਖਾਂਸੀ ਤੋਂ ਛੁਟਕਾਰਾ



ਬਦਲਦੇ ਮੌਸਮ 'ਚ ਵੱਧ ਰਹੇ ਬੈਕਟੀਰੀਆ ਕਾਰਨ ਬੀਮਾਰੀਆਂ ਬਹੁਤ ਹੀ ਜਲਦੀ ਇਨਸਾਨ ਨੂੰ ਜਕੜ ਲੈਂਦੀਆਂ ਹਨ। ਅਜਿਹੇ 'ਚ ਗਲੇ ਦੀ ਖਾਰਸ਼, ਜ਼ੁਕਾਮ ਵਰਗੀਆਂ ਸਮੱਸਿਆਵਾਂ ਨਾਲ ਬੱਚਿਆਂ ਤੋਂ ਲੈ ਕੇ ਵੱਡਿਆਂ ਤੱਕ ਸਾਰੇ ਹੀ ਪਰੇਸ਼ਾਨ ਰਹਿੰਦੇ ਹਨ। ਜ਼ਿਆਦਾ ਠੰਡਾ ਪਾਣੀ ਪੀਣ, ਗਲਤ ਰਹਿਣ-ਸਹਿਣ ਕਾਰਨ ਗਲੇ ਦੀ ਖਾਰਸ਼ ਅਤੇ ਖਾਂਸੀ ਦੀ ਸਮੱਸਿਆ ਹੋ ਜਾਂਦੀ ਹੈ। ਗਲੇ ਦੀ ਖਾਰਸ਼ ਤੋਂ ਛੁਟਕਾਰਾ ਪਾਉਣ ਲਈ ਤੁਸੀਂ ਦੇਸੀ ਨੁਸਖਿਆਂ ਦੀ ਵੀ ਵਰਤੋਂ ਕਰ ਸਕਦੇ ਹੋ। ਆਮ ਜਿਹੀ ਲੱਗਣ ਵਾਲੀ ਖਾਂਸੀ ਦੀ ਸਮੱਸਿਆ ਕਈ ਵਾਰ ਬੇਹੱਦ ਤਕਲੀਫਦੇਹ ਵੀ ਸਿੱਧ ਹੁੰਦੀ ਹੈ। ਇਥੇ ਦੱਸ ਦੇਈਏ ਕਿ ਸੁੱਕੀ ਖਾਂਸੀ ਕੁਝ ਜ਼ਿਆਦਾ ਹੀ ਤਕਲੀਫ ਦਿੰਦੀ ਹੈ। ਸੁੱਕੀ ਖਾਂਸੀ ਬਹੁਤੇ ਦਿਨਾਂ ਤੱਕ ਰਹੇ ਤਾਂ ਇਸ ਨੂੰ ਨਜ਼ਰ ਅੰਦਾਜ਼ ਨਹੀਂ ਕਰਨਾ ਚਾਹੀਦਾ ਹੈ ਅਤੇ ਦੋ ਹਫਤਿਆਂ ਤੋਂ ਵਧੇਰੇ ਖਾਂਸੀ ਆਉਣ 'ਤੇ ਡਾਕਟਰ ਦੀ ਸਲਾਹ ਲੈਣੀ ਚਾਹੀਦੀ ਹੈ। ਅੱਜ ਅਸੀਂ ਤੁਹਾਨੂੰ ਅਜਿਹੇ ਹੀ ਕੁਝ ਦੇਸੀ ਨੁਸਖੇ ਦੱਸਣ ਜਾ ਰਹੇ ਹਾਂ, ਜਿਨ੍ਹਾਂ ਨਾਲ ਤੁਸੀਂ ਘਰ ਬੈਠੇ ਹੀ ਖਾਂਸੀ ਦੀ ਸਮੱਸਿਆ ਤੋਂ ਛੁਟਕਾਰਾ ਪਾ ਸਕਦੇ ਹੋ। ਦੇਸੀ

**ਘਿਓ ਤੇ ਕਾਲੀ ਮਿਰਚ ਦਾ ਕਰੋ ਸੇਵਨ**

ਦੇਸੀ ਘਿਓ ਅਤੇ ਕਾਲੀ ਮਿਰਚ ਦੇ ਸੇਵਨ ਨਾਲ ਵੀ ਖਾਂਸੀ ਦੀ ਸਮੱਸਿਆ ਤੋਂ ਤੁਸੀਂ ਛੁਟਕਾਰਾ ਪਾ ਸਕਦੇ ਹੋ। 15-20 ਗ੍ਰਾਮ ਗਾਂ ਦੇ ਦੁੱਧ ਦਾ ਘਿਓ ਅਤੇ ਕਾਲੀ ਮਿਰਚ ਲੈ ਕੇ ਇਕ ਕਟੋਰੀ 'ਚ ਹਲਕੇ ਸੇਕ 'ਤੇ ਗਰਮ ਕਰੋ। ਜਦੋਂ ਕਾਲੀ ਮਿਰਚ ਗਰਮ ਹੋ ਜਾਵੇ ਤਾਂ ਉਸ ਨੂੰ ਥੋੜ੍ਹਾ ਜਿਹਾ ਠੰਡਾ ਕਰਕੇ ਇਸ 'ਚ ਪੀਸੀ ਹੋਈ ਮਿਸ਼ਰੀ ਮਿਲਾ ਲਵੋ। ਫਿਰ ਇਸ ਮਿਸ਼ਰਣ ਦਾ ਸੇਵਨ 2-3 ਦਿਨਾਂ ਤੱਕ ਕਰੋ। ਅਜਿਹਾ ਕਰਨ ਨਾਲ ਖਾਂਸੀ ਦੀ ਸਮੱਸਿਆ ਦੂਰ ਹੋ ਜਾਵੇਗੀ।

> ਜਦੋਂ ਕਾਲੀ ਮਿਰਚ ਗਰਮ ਹੋ ਜਾਵੇ ਤਾਂ ਉਸ ਨੂੰ ਥੋੜ੍ਹਾ ਜਿਹਾ ਠੰਡਾ ਕਰਕੇ ਇਸ 'ਚ ਪੀਸੀ ਹੋਈ ਮਿਸ਼ਰੀ ਮਿਲਾ ਲਵੋ। ਫਿਰ ਇਸ ਮਿਸ਼ਰਣ ਦਾ ਸੇਵਨ 2-3 ਦਿਨਾਂ ਤੱਕ ਕਰੋ। ਅਜਿਹਾ ਕਰਨ ਨਾਲ ਖਾਂਸੀ ਦੀ ਸਮੱਸਿਆ ਦੂਰ ਹੋ ਜਾਵੇਗੀ।

**ਤੁਲਸੀ ਦੇ ਪੱਤੇ ਦਿੰਦੇ ਨੇ ਖਾਂਸੀ ਤੋਂ ਛੁਟਕਾਰਾ**

ਤੁਲਸੀ ਦੇ ਪੱਤੇ ਵੀ ਖਾਂਸੀ ਤੋਂ ਰਾਹਤ ਦਿਵਾਉਣ 'ਚ ਲਾਹੇਵੰਦ ਹੁੰਦੇ ਹਨ। ਤੁਲਸੀ ਦੇ ਪੱਤਿਆਂ 'ਚ 5 ਦਾਣੇ ਕਾਲੀ ਮਿਰਚ, 5 ਨਗ ਕਾਲਾ ਮੁਨੱਕਾ, 5 ਗ੍ਰਾਮ ਕਣਕ ਦੇ ਆਟੇ ਦਾ ਛਾਣ, 6 ਗ੍ਰਾਮ ਮੁਲੱਠੀ, 3 ਗ੍ਰਾਮ ਬਨਕਸ਼ੇ ਦੇ ਫੁੱਲ ਲੈ ਕੇ 200 ਗ੍ਰਾਮ ਪਾਣੀ 'ਚ ਉਬਾਲ ਲਓ। ਜਦੋਂ ਪਾਣੀ ਅੱਧਾ ਰਹਿ ਜਾਵੇ ਤਾਂ ਇਸ ਨੂੰ ਠੰਡਾ ਕਰਕੇ ਪੁਣ ਲਵੋ। ਫਿਰ ਰਾਤ ਨੂੰ ਸੌਣ ਤੋਂ ਪਹਿਲਾਂ ਇਸ 'ਚ ਪਤਾਸੇ ਪਾ ਕੇ ਪਾਣੀ ਨੂੰ ਗਰਮ ਕਰਕੇ ਪੀ ਲਵੋ। ਇਸ ਖੁਰਾਕ ਨੂੰ 3-4 ਦਿਨਾਂ ਤੱਕ ਲੈਣ ਨਾਲ ਖਾਂਸੀ ਠੀਕ ਹੋ ਜਾਂਦੀ ਹੈ।

**ਪਾਕਿਸਤਾਨੀ ਨਮਕ ਦਾ ਕਰੋ ਸੇਵਨ**

ਖਾਂਸੀ ਹੋਣ 'ਤੇ ਪਾਕਿਸਤਾਨੀ ਨਮਕ ਦੀ ਡਲੀ ਨੂੰ ਅੱਗ 'ਤੇ ਚੰਗੀ ਤਰ੍ਹਾਂ ਗਰਮ ਕਰ ਲਵੋ। ਜਦੋਂ ਨਮਕ ਦੀ ਡਲੀ ਗਰਮ ਹੋ ਕੇ ਲਾਲ ਹੋ ਜਾਵੇ ਤਾਂ ਤੁਰੰਤ ਅੱਧੇ ਕੱਪ ਪਾਣੀ 'ਚ ਪਾ ਕੇ ਕੱਢ ਲਓ। ਸੌਣ ਤੋਂ ਪਹਿਲਾਂ ਇਸ ਨੂੰ ਪੀਣ ਨਾਲ ਖਾਂਸੀ ਤੋਂ ਅਰਾਮ ਮਿਲਦਾ ਹੈ। ਮੁੰਢ ਦਾ ਦੁੱਧ 'ਚ ਪਾ ਕੇ ਕਰੋ ਸੇਵਨ ਖਾਂਸੀ ਦੀ ਸਮੱਸਿਆ ਹੋਣ 'ਤੇ ਮੁੰਢ ਨੂੰ ਦੁੱਧ 'ਚ ਪਾ ਕੇ ਉਬਾਲ ਲਵੋ। ਸ਼ਾਮ ਨੂੰ ਸੌਣ ਸਮੇਂ ਇਸ ਦੁੱਧ ਨੂੰ ਪੀ ਲਵੋ। ਇੰਝ ਕਰਨ ਨਾਲ ਕੁਝ ਦਿਨਾਂ 'ਚ ਖਾਂਸੀ ਠੀਕ ਹੋ ਜਾਂਦੀ ਹੈ।

ਸ਼ਹਿਦ, ਕਿਸ਼ਮਿਸ਼ ਤੇ ਮੁਨੱਕੇ ਕਰੇ ਖਾਂਸੀ ਨੂੰ ਦੂਰ

ਸ਼ਹਿਦ, ਕਿਸ਼ਮਿਸ਼ ਤੇ ਮੁਨੱਕਾ ਦੇ ਸੇਵਨ ਨਾਲ ਵੀ ਤੁਸੀਂ ਖਾਂਸੀ ਦੀ ਸਮੱਸਿਆ ਤੋਂ ਛੁਟਕਾਰਾ ਪਾ ਸਕਦੇ ਹੋ। ਸ਼ਹਿਦ, ਕਿਸ਼ਮਿਸ਼ ਅਤੇ ਮੁਨੱਕੇ ਨੂੰ ਮਿਲਾ ਕੇ ਖਾਣ ਨਾਲ ਖਾਂਸੀ ਪੂਰੀ ਠੀਕ ਹੋ ਜਾਂਦੀ ਹੈ। ਇਸ ਤੋਂ ਇਲਾਵਾ ਤ੍ਰਿਫਲਾ 'ਚ ਬਰਾਬਰ ਮਾਤਰਾ 'ਚ ਸ਼ਹਿਦ ਮਿਲਾ ਕੇ ਪੀਣ ਨਾਲ ਖਾਂਸੀ 'ਚ ਫਾਇਦਾ ਮਿਲਦਾ ਹੈ।

**ਕਾਲੀ ਮਿਰਚ ਅਤੇ ਅਦਰਕ ਦੀ ਚਾਹ ਕਰੇ ਖਾਂਸੀ ਦੂਰ**

ਤੁਲਸੀ, ਕਾਲੀ ਮਿਰਚ ਅਤੇ ਅਦਰਕ ਦੀ ਚਾਹ ਪੀਣ ਨਾਲ ਵੀ ਖਾਂਸੀ ਤੋਂ ਨਿਜਾਤ ਮਿਲਦਾ ਹੈ।

ਨਿੰਬੂ ਦੇ ਰਸ 'ਚ ਮਿਲਾਓ ਮਿਸ਼ਰੀ ਤੇ ਮੁਲੱਠੀ

ਹਿੰਗ, ਤ੍ਰਿਫਲਾ, ਮੁਲੱਠੀ ਅਤੇ ਮਿਸ਼ਰੀ ਨੂੰ ਨਿੰਬੂ ਦੇ ਰਸ 'ਚ ਮਿਲਾ ਕੇ ਚੱਟਣ ਨਾਲ ਵੀ ਖਾਂਸੀ ਦੀ ਸਮੱਸਿਆ ਦੂਰ ਹੋ ਜਾਂਦੀ ਹੈ।



## ਮਹਾਨ ਸਿੱਖ ਜਰਨੈਲ

# ਬੰਦਾ ਸਿੰਘ ਬਹਾਦਰ

(ਜਨਮ 16 ਅਕਤੂਬਰ 1670, ਸ਼ਹੀਦੀ 10 ਜੂਨ 1716)

ਡਾ.ਪੂਰਨ ਸਿੰਘ

ਭਾਵੇਂ ਹੋਰ ਕਈ ਇਤਿਹਾਸਕ ਸਿੱਖ ਹਸਤੀਆਂ ਨਾਲ ਇਤਿਹਾਸ ਲਿਖਣ ਵਾਲਿਆਂ ਨੇ ਬੇ-ਇਨਸਾਫੀ ਕੀਤੀ, ਪਰ ਇਸ ਮਹਾਨ ਯੋਧੇ ਅਤੇ ਸਿੱਖ ਰਾਜ ਦੇ ਮੋਢੀ ਬੰਦਾ ਸਿੰਘ ਬਹਾਦਰ ਨਾਲ ਸਭ ਤੋਂ ਵੱਧ ਬੇ-ਇਨਸਾਫੀ ਹੋਈ। ਗੈਰ ਸਿੱਖਾਂ ਦਾ ਲਿਖਿਆ ਇਤਿਹਾਸ ਵੀ ਗਾਵਹੀ ਦੇ ਰਿਹਾ ਹੈ ਕਿ ਇਹ ਮਹਾਨ ਜਰਨੈਲ ਰਤੀ ਭਰ ਵੀ ਸਿੱਖੀ ਸਿਦਕ ਤੋਂ ਨਹੀਂ ਡੋਲਿਆ, ਅਤਿ ਤਸੀਹੇ ਝੱਲੇ ਅਤੇ ਭਾਣੇ ਨੂੰ ਮਿੱਠਾ ਮੰਨਦਾ ਸ਼ਹਾਦਤ ਦਾ ਜਾਮ ਪੀ ਗਿਆ। ਇਹ ਠੀਕ ਹੈ ਕਿ ਬੰਦਾ ਸਿੰਘ, ਪਹਿਲਾ ਮਾਧੋ ਦਾਸ ਸੀ ਉਪਰੰਤ ਬੈਰਾਗੀ ਸਾਧ ਸੀ। ਜਦੋਂ ਗੁਰੂ ਗੋਬਿੰਦ ਸਿੰਘ ਜੀ ਨੂੰ ਸਮਰਪਿਤ ਹੋਕੇ ਸਿੰਘ ਸੱਜਿਆ, ਫਿਰ ਗੁਰੂ ਦਾ ਬੰਦਾ ਬਣ ਗਿਆ ਅਤੇ ਸਿੱਖੀ ਦੀ ਗੁੜ੍ਹਤੀ ਨਾਲ ਬਹਾਦਰ ਬਣਕੇ ਬਹਾਦਰੀ ਦੇ ਜੌਹਰ ਦਿਖਾਉਂਦਾ ਪੰਜਾਬ ਅੰਦਰ ਗਰੀਬ, ਨਿਮਾਣੇ ਤੇ ਨਿਤਾਣੇ ਅਥਵਾ ਕਿਰਸਾਨ ਵਰਗ ਦੇ ਹੱਕਾਂ ਦਾ ਰਖਵਾਲਾ ਬਣ ਜਾਂਦਾ ਹੈ। ਫਰਾਂਸ ਦੇ ਇਨਕਲਾਬ ਤੋਂ ਇਕ ਸਦੀ ਪਹਿਲਾਂ ਪੰਜਾਬ ਵਿਚ ਸਫਲ ਇਨਕਲਾਬ ਲਿਆਕੇ ਦੁਨੀਆਂ ਨੂੰ ਹੈਰਾਨ ਕਰ ਦਿੱਤਾ।

ਅੱਜ ਬੰਦਾ ਸਿੰਘ ਬਾਰੇ ਨਵੇਂ ਭੁਖੇਲੇ ਪੈਦਾ ਕੀਤੇ ਜਾ ਰਹੇ ਹਨ। ਉਸਨੂੰ ਕੋਈ ਬੈਰਾਗੀ ਦੱਸ ਰਿਹਾ ਹੈ, ਅਗਿਆਨਤਾਵਸ ਲੋਕ ਉਸ ਬਾਰੇ ਆਖਦੇ ਹਨ ਕਿ ਬੰਦਾ ਸਿੰਘ ਜੀ ਨੇ ਗੁਰੂ ਗੋਬਿੰਦ ਜੀ ਦੇ ਹੁਕਮਾਂ ਦੀ ਪਾਲਣਾ ਨਹੀਂ ਕੀਤੀ। ਸਿੱਖ ਵਿਰੋਧੀ ਇਤਿਹਾਸਕਾਰ ਲਿਖ ਰਹੇ ਹਨ ਕਿ ਬੰਦਾ ਸਿੰਘ ਜੀ ਨੇ ਅੰਮ੍ਰਿਤ ਨਹੀਂ ਛੱਕਿਆ। ਇੰਜ ਕਿਉਂ ਹੋ ਰਿਹਾ ਹੈ? ਇਹ ਕੋਈ ਨਵੀਂ ਗੱਲ ਨਹੀਂ, ਪਹਿਲਾਂ ਵੀ ਹੁੰਦਾ ਰਿਹਾ ਹੈ, ਹੁਣ ਵੀ ਹੋ ਰਿਹਾ ਹੈ ਅਤੇ ਭਵਿੱਖ ਵਿਚ ਹੋਵੇਗਾ। ਇਸ ਗੱਲ ਤੋਂ ਕਿਸੇ ਨੂੰ ਵੀ ਮੁਨਕਰ ਹੋਣਾ ਸੰਭਵ ਨਹੀਂ ਹੈ ਅਤੇ ਸਚਾਈ ਹੈ ਕਿ ਬੰਦਾ ਸਿੰਘ ਜੀ ਨੇ ਖੰਡੇ ਦੀ ਪਾਹੁਲ ਲਈ ਅਤੇ ਉਸ ਦੇ ਨਾਂਵ ਵਿਚ ਤਬਦੀਲੀ ਹੋਣੀ ਹੀ ਪਹੁਲ ਲੈਣ ਦਾ ਸਬੂਤ ਹੈ। ਜੇ ਇੰਜ ਨਾ ਹੁੰਦਾ ਤਾਂ ਉਸਦਾ ਪਹਿਲਾ ਨਾਂਵ ਮਾਧੋ ਦਾਸ ਜਾਂ ਲਛਮਣ ਦਾਸ ਹੀ ਰਹਿਣਾ ਸੀ।

ਜਿਵੇਂ ਕੁਝ ਸਾਲਾਂ ਤੋਂ ਵਿਦੇਸ਼ਾਂ ਅੰਦਰ ਨਵੀਂ ਹੀ ਪਿਰਤ ਚਲ ਪਈ ਹੈ ਕਿ ਪਿੰਡਾਂ ਦੇ ਲੋਕ ਰੱਲ ਕੇ ਸਾਧਾਂ -ਸੰਤਾਂ ਦੇ ਜਨਮ ਜਾਂ ਬਰਸੀਆਂ ਨੂੰ ਬਹੁਤ ਧੂਮ-ਧਾਮ ਨਾਲ ਮਨਾਉਂਦੀਆਂ ਹਨ, ਪਰ ਕੌਮ ਦੇ ਮਹਾਨ ਸ਼ਹੀਦਾਂ ਤੇ ਜਰਨੈਲਾਂ ਨੂੰ ਕੋਈ ਜਿਆਦਾ ਮਾਨਤਾ ਨਹੀਂ ਮਿਲ ਰਹੀ। ਦੂਜੇ ਪਾਸੇ ਸਾਜਸ਼ ਅਧੀਨ ਬੈਰਾਗੀ ਲੋਕਾਂ ਵਲੋਂ ਵਿਸ਼ੇਸ਼ ਜੱਥੇਬੰਦੀਆਂ ਬਣਾਕੇ ਬੰਦਾ ਸਿੰਘ ਨੂੰ ਬੈਰਾਗੀ ਬੰਦਾ ਸਿੰਘ ਆਖਕੇ, ਉਸਦੀ ਯਾਦ 'ਚ ਸਮਾਗਮ ਕਰਨ ਲੱਗ ਪਏ ਹਨ। ਤਾਂਹੀਓ ਅਜੋਕੇ ਸਮੇਂ ਕੁਝ ਲੋਕਾਂ ਨੇ ਭਗਤ ਰਵਿਦਾਸ ਜੀ ਦੀ ਯਾਦ 'ਚ ਸਮਾਗਮ ਕਰਦੇ ਹਨ ਤੇ ਨਾਮਦੇਵ ਨੂੰ ਵੀ ਇਕ ਫਿਰਕੇ ਦੇ ਲੋਕ ਹੀ ਅਪਨਾਈ ਬੈਠੇ ਹਨ। ਜਾਪਦਾ ਹੈ ਕਿ ਜੱਟਾਂ ਨੇ ਵੀ ਭਗਤ ਧੰਨੇ ਨੂੰ ਆਪਣੇ ਕਬਜੇ ਵਿਚ ਕਰ ਲੈਣਾ ਹੈ। ਇਹ ਕਿਉਂ ਹੋ ਰਿਹਾ ਹੈ? ਇਸਦੇ ਦੋ ਮੁੱਖ ਕਾਰਨ ਹਨ। ਪਹਿਲਾਂ ਅਗਿਆਨਤਾ, ਦੂਸਰਾ, ਸਿੱਖ ਵਿਰੋਧੀ ਏਜੰਸੀਆਂ ਵਲੋਂ ਬੰਦਾ ਸਿੰਘ ਸੱਚੀ ਮੁੱਚੀਂ ਇੱਕ ਬਹਾਦਰ ਸਿੱਖ ਯੋਧਾ ਸੀ, ਜਿਸਨੇ ਬਹੁਤ ਥੋੜੇ ਸਮੇਂ ਦੇ ਅੰਦਰ ਮੁਗਲ ਰਾਜ ਨੂੰ ਹਿਲਾਕੇ ਰੱਖ ਦਿੱਤਾ। ਮੁਗਲ ਸਰਕਾਰ ਨੇ ਸਿੱਖਾਂ 'ਚ ਫੁੱਟ ਪਵਾਉਣ ਦਾ ਜਤਨ ਕੀਤਾ। ਇਹ ਸਾਨੂੰ ਪਤਾ ਹੋਣਾ ਚਾਹੀਦਾ ਹੈ ਕਿ ਬੰਦਾ ਸਿੰਘ ਪਾਸ ਸੀਮਤ ਸਾਧਨ ਸਨ ਤੇ ਹਥਿਆਰ ਵੀ ਵਿਸ਼ੇਸ਼ ਨਹੀਂ ਸਨ। ਦੂਜੇ ਪਾਸੇ ਉਸਦੇ ਵਿਰੁੱਧ ਤਿੰਨ ਮੁਸਲਮਾਨ ਬਾਦਸ਼ਾਹ, ਪੰਜ ਸ਼ਹਿਜ਼ਾਦੇ, 30 ਹਿੰਦੂ ਰਾਜੇ ਤੇ ਜਰਨੈਲ, 120 ਸੀਨੀਅਰ ਮੁਸਲਮਾਨ ਜਰਨੈਲ, ਫੌਜ਼ਦਾਰ ਤੇ ਸੂਬੇਦਾਰ। ਇਹ ਵੀ ਇਤਿਹਾਸਕ ਸਚਾਈ ਹੈ ਕਿ ਬੰਦੇ ਦੀ ਫੌਜ਼ ਵਿਚ ਇਕ ਵੀ ਹਿੰਦੂ ਨਹੀਂ ਸੀ ਸ਼ਾਮਲ ਹੋਇਆ।

ਜਿਵੇਂ 1984 ਵਿੱਚ ਸਿੱਖਾਂ ਦਾ ਕਤਲੇਆਮ ਕਰਕੇ, ਸਿੱਖਾਂ ਦੇ ਸਿਰ ਹੀ ਦੋਸ਼ ਮੜੇ ਗਏ, ਤੇ ਛੋਛੇ ਛੱਡੇ ਗਏ ਤੇ ਸਿੱਖ ਲੋਕ ਆਪਣਾ ਆਪ ਹੀ ਦੋਸ਼ੀ ਹੋਣ ਨੂੰ ਪ੍ਰਵਾਨ ਕਰਣ ਲੱਗੇ। ਉਸ ਤਰ੍ਹਾਂ ਹੀ ਮੁਗਲਾਂ ਵਲੋਂ ਬੰਦਾ ਸਿੰਘ ਵਿਰੁੱਧ ਭੰਡੀ ਪ੍ਰਚਾਰ ਕੀਤਾ ਗਿਆ। ਬੰਦਾ ਸਿੰਘ ਨੇ ਕੋਈ ਸਿੱਖੀ ਵਿਰੁੱਧ ਕਰਨ ਨਹੀਂ ਕੀਤਾ। ਉਸਨੇ ਕਦੀ ਗਦੀ ਨਹੀਂ ਲਾਈ। ਸਗੋਂ, ਉਸਨੇ ਜਿਤਾਂ ਕਰਕੇ ਵੱਖ ਵੱਖ ਜੱਥੇਦਾਰ ਥਾਪ ਦਿੱਤੇ। ਉਸਨੇ ਵਿਆਹ ਕਰਾਏ, ਪਰ ਵਿਆਹ ਕਰਾਉਣੇ ਸਿੱਖ ਵਿਰੋਧੀ ਕਰਮ ਨਹੀਂ ਸਨ। ਉਹ ਹਰ ਕਾਰਜ ਅਰੰਭ ਕਰਨ ਤੋਂ ਪਹਿਲਾਂ ਅਕਾਲ ਪੁਰਖ ਅੱਗੇ ਅਰਦਾਸ ਕਰਦਾ ਸੀ। ਉਸਨੇ ਆਪਣੀ ਹਰ ਜਿੱਤ ਤੇ ਤਾਕਤ ਨੂੰ ਗੁਰੂਆਂ ਦੀ ਬਖਸ਼ਿਸ਼ ਮੰਨਿਆ,

ਦੇਗ਼ੋ-ਤੇਗ਼ੋ-ਫ਼ਤਿਹ-ਓ-ਨੁਸਰ ਬੇਦਿਰੰਗ।
ਯਾਫ਼ਤ ਅ ?ਜ਼ ਨਾਨਕ-ਗੁਰੂ ਗੋਬਿੰਦ ਸਿੰਘ।
(ਦੇਗ,ਤੇਗ ਅਤੇ ਫ਼ਤਿਹ ਬਿਨ੍ਹਾਂ ਕਿਸੇ ਦੇਰੀ ਤੋਂ, ਗੁਰੂ ਨਾਨਕ ਸਾਹਿਬ ਤੇ ਗੁਰੂ ਗੋਬਿੰਦ ਸਿੰਘ ਤੋਂ ਹਾਸਿਲ ਹੋਈ

ਬਾਬਾ ਬੰਦਾ ਸਿੰਘ ਵਲੋਂ ਥੋੜੇ ਸਮੇਂ ਅਤੇ ਸੀਮਤ ਸਾਧਨਾਂ ਨਾਲ ਜਿੱਤਾਂ ਪ੍ਰਾਪਤ ਕਰਨਾ, ਇੱਕ ਕਰਾਮਾਤ ਹੀ ਆਖੀ ਜਾ ਸਕਦੀ ਹੈ। ਉਸਨੇ 700 ਸਾਲ ਦੀ ਵਿਦੇਸ਼ੀ ਹਕੂਮਤ ਨੂੰ ਹਿਲਾਕੇ ਰੱਖ ਦਿੱਤਾ। ਇਸ ਜਦੋ ਜਹਿਤ ਵਿਚ 30 ਸਿੱਖ ਕੌਮ ਨੇ ਦਿਲ ਨਹੀਂ ਛੱਡਿਆ ਅਤੇ ਕੌਮੀ ਅਜ਼ਾਦੀ ਲਈ ਸੰਘਰਸ਼ ਜਾਰੀ ਰੱਖਿਆ। ਕਿਸੇ ਹੋਰ ਧਰਮ ਦੇ ਅਸਥਾਨ ਦਾ ਨੁਕਸਾਨ ਨਹੀਂ ਕੀਤਾ। ਬੰਦਾ ਸਿੰਘ ਦੀ ਸ਼ਹੀਦੀ ਤੋਂ ਪਹਿਲਾਂ 700 ਸਿੱਖਾਂ ਨੂੰ ਸ਼ਹੀਦ ਕੀਤਾ ਗਿਆ ਅਤੇ ਇਹ ਸਭ ਕੁਝ ਬੰਦਾ ਸਿੰਘ ਦੀ ਹਾਜ਼ਰੀ ਵਿੱਚ ਕੀਤਾ। ਕਿਸੇ ਇਕ ਨੇ ਵੀ ਸਿੱਖ ਸਿਦਕ ਨਹੀਂ ਛੱਡਿਆ। ਆਖ਼ਰ ਇਹ ਮਹਾਨ ਜਰਨੈਲ 10 ਜੂਨ 1716 ਨੂੰ ਖਿੜੇ ਮੱਥੇ ਤਸੀਹੇ ਝੱਲਦਾ ਸ਼ਹੀਦ ਹੋ ਗਿਆ।







Insurance
Property & Casualty
Business, Liability, Disability, Workers Comp., E & O, Auto, Home,
917-612-3158
www.whitestonecorpusa.com

# ਆਓ ਆਪਣੀਆਂ ਮਾੜੀਆਂ ਆਦਤਾਂ ਦੂਰ ਕਰੀਏ

**ਕਿਸੇ ਦੀ ਚੁਗਲੀ, ਨਿੰਦਿਆ ਕਰਨੀ ਅਜਿਹੀ ਆਦਤ ਹੈ, ਜਿਹੜੀ ਔਰਤਾਂ ਨੂੰ ਹੁੰਦੀ ਹੈ, ਜੋ ਇਕ ਮਾੜੀ ਆਦਤ ਹੈ। ਕੁਝ ਔਰਤਾਂ ਜਿਥੇ ਵੀ ਥੋੜ੍ਹੀ ਦੇਰ ਕਿਸੇ ਕੋਲ ਬਹਿ ਜਾਣ, ਉਥੇ ਹੀ ਚੁਗਲੀ ਕਰਨੀ ਸ਼ੁਰੂ ਕਰ ਦਿੰਦੀਆਂ ਹਨ। ਇਸ ਤਰ੍ਹਾਂ ਦੀਆਂ ਹੋਰ ਵੀ ਛੋਟੀਆਂ-ਛੋਟੀਆਂ ਮਾੜੀਆਂ ਆਦਤਾਂ ਹਨ, ਜਿਨ੍ਹਾਂ ਤੋਂ ਅਸੀਂ ਛੁਟਕਾਰਾ ਪਾਉਣਾ ਚਾਹੁੰਦੇ ਹਾਂ।**



ਕੋਈ ਵੀ ਇਨਸਾਨ ਆਪਣੇ-ਆਪ ਵਿਚ ਪੂਰਾ ਪ੍ਰਪੱਕ ਨਹੀਂ ਹੁੰਦਾ। ਹਰ ਇਨਸਾਨ ਵਿਚ ਕੋਈ ਨਾ ਕੋਈ ਕਮੀ ਜਾਂ ਕਮਜ਼ੋਰੀਆਂ ਜ਼ਰੂਰ ਹੁੰਦੀਆਂ ਹਨ। ਇਹੀ ਕਮੀਆਂ-ਕਮਜ਼ੋਰੀਆਂ ਸਾਨੂੰ ਮਾੜਾ ਬਣਾਉਂਦੀਆਂ ਹਨ। ਜੇਕਰ ਅਸੀਂ ਆਪਣੀਆਂ ਕਮਜ਼ੋਰੀਆਂ ਜਾਣਦੇ ਹਾਂ ਅਤੇ ਅਸੀਂ ਉਨ੍ਹਾਂ ਕਮਜ਼ੋਰੀਆਂ ਜਾਂ ਮਾੜੀਆਂ ਆਦਤਾਂ ਨੂੰ ਦੂਰ ਕਰਨਾ ਚਾਹੁੰਦੇ ਹਾਂ ਤਾਂ ਸਾਨੂੰ ਪਹਿਲਾਂ ਆਪਣੇ-ਆਪ ਨੂੰ ਅੰਦਰੋਂ ਤਿਆਰ ਕਰ ਲੈਣਾ ਚਾਹੀਦਾ ਹੈ। ਆਪਣਾ ਮਨ ਪੂਰਾ ਪੱਕਾ ਕਰ ਲੈਣਾ ਚਾਹੀਦਾ ਹੈ।

ਇਹ ਮਾੜੀਆਂ ਆਦਤਾਂ ਕਈ ਵਾਰ ਸਾਨੂੰ ਇੰਨੀਆਂ ਛੋਟੀਆਂ ਲਗਦੀਆਂ ਹਨ ਕਿ ਅਸੀਂ ਉਨ੍ਹਾਂ ਵੱਲ ਧਿਆਨ ਹੀ ਨਹੀਂ ਦਿੰਦੇ ਅਤੇ ਦੁਖੀ ਰਹਿੰਦੇ ਹਾਂ। ਇਹ ਮਾੜੀਆਂ ਆਦਤਾਂ ਜਿਵੇਂ ਗੁੱਸਾ ਆਉਣਾ, ਚੁਗਲੀ, ਨਿੰਦਿਆ ਕਰਨੀ ਆਦਿ ਹਨ। ਇਸ ਤੋਂ ਇਲਾਵਾ ਹੋਰ ਵੀ ਬਹੁਤ ਸਾਰੀਆਂ ਮਾੜੀਆਂ ਆਦਤਾਂ ਹੁੰਦੀਆਂ ਹਨ। ਕਈ ਵਾਰ ਅਸੀਂ ਛੋਟੀ-ਛੋਟੀ ਗੱਲ ਦਾ ਗੁੱਸਾ ਕਰ ਜਾਂਦੇ ਹਾਂ ਅਤੇ ਇਹ ਗੁੱਸਾ ਕਈ ਵਾਰ ਬੱਚਿਆਂ ਉੱਤੇ ਕੱਢ ਦਿੰਦੇ ਹਾਂ। ਕਿਸੇ ਦੀ ਚੁਗਲੀ, ਨਿੰਦਿਆ ਕਰਨੀ ਅਜਿਹੀ ਆਦਤ ਹੈ, ਜਿਹੜੀ ਔਰਤਾਂ ਨੂੰ ਹੁੰਦੀ ਹੈ, ਜੋ ਇਕ ਮਾੜੀ ਆਦਤ ਹੈ। ਕੁਝ ਔਰਤਾਂ ਜਿਥੇ ਵੀ ਥੋੜ੍ਹੀ ਦੇਰ ਕਿਸੇ ਕੋਲ ਬਹਿ ਜਾਣ, ਉਥੇ ਹੀ ਚੁਗਲੀ ਕਰਨੀ ਸ਼ੁਰੂ ਕਰ ਦਿੰਦੀਆਂ ਹਨ। ਇਸ ਤਰ੍ਹਾਂ ਦੀਆਂ ਹੋਰ ਵੀ ਛੋਟੀਆਂ-ਛੋਟੀਆਂ ਮਾੜੀਆਂ ਆਦਤਾਂ ਹਨ, ਜਿਨ੍ਹਾਂ ਤੋਂ ਅਸੀਂ ਛੁਟਕਾਰਾ ਪਾਉਣਾ ਚਾਹੁੰਦੇ ਹਾਂ।

ਜੇਕਰ ਅਸੀਂ ਆਪਣੇ-ਆਪ ਨੂੰ ਬਦਲਣਾ ਚਾਹੁੰਦੇ ਹਾਂ ਤਾਂ ਸਾਨੂੰ ਸਭ ਤੋਂ ਪਹਿਲਾਂ ਆਪਣਾ ਪੱਕਾ ਮਨ ਬਣਾ ਲੈਣਾ ਚਾਹੀਦਾ ਹੈ। ਆਪਣੇ-ਆਪ ਨੂੰ ਅੰਦਰੋਂ ਤਿਆਰ ਕਰ ਲੈਣਾ ਚਾਹੀਦਾ ਹੈ। ਇਨ੍ਹਾਂ ਮਾੜੀਆਂ ਆਦਤਾਂ ਤੋਂ ਹੌਲੀ-ਹੌਲੀ ਛੁਟਕਾਰਾ ਪਾਇਆ ਜਾ ਸਕਦਾ ਹੈ। ਪਹਿਲਾਂ ਇਕ ਜਾਂ ਦੋ ਦਿਨ ਲਈ ਆਪਣੇ-ਆਪ ਨੂੰ ਤਿਆਰ ਕਰੋ। ਜਿਵੇਂ ਗੁੱਸਾ ਨਹੀਂ ਕਰਨਾ। ਫਿਰ ਹੌਲੀ-ਹੌਲੀ ਅਜਿਹਾ ਰੋਜ਼ ਹੀ ਆਦਤ ਪਾਓ।

ਜੇਕਰ ਅਸੀਂ ਆਪਣੇ-ਆਪ ਨੂੰ ਬਦਲਣਾ ਹੈ ਤਾਂ ਕਿਸੇ ਨੂੰ ਕੁਝ ਦੱਸਣ ਦੀ ਲੋੜ ਨਹੀਂ ਹੈ। ਆਪਣੇ-ਆਪ ਵਿਚ ਜਿਹੜੀਆਂ ਮਾੜੀਆਂ ਆਦਤਾਂ ਹਨ, ਖੁਦ ਹੀ ਸੋਚੋ ਅਤੇ ਚੰਗੀਆਂ ਆਦਤਾਂ ਵੀ ਸੋਚੋ। ਜਦੋਂ ਅਸੀਂ ਆਪਣੀ ਇਕ ਮਾੜੀ ਆਦਤ ਛੱਡ ਦੇਵਾਂਗੇ ਤਾਂ ਲੋਕਾਂ ਨੂੰ ਆਪਣੇ-ਆਪ ਪਤਾ ਲੱਗ ਜਾਵੇਗਾ। ਆਪਣੀ ਸੋਚ ਹਮੇਸ਼ਾ ਆਸ਼ਾਵਾਦੀ ਰੱਖੋ। ਚੰਗੀਆਂ ਕਿਤਾਬਾਂ ਪੜ੍ਹੋ। ਆਪਣੇ-ਆਪ 'ਤੇ ਪੂਰਾ ਵਿਸ਼ਵਾਸ ਰੱਖੋ ਕਿ ਅਸੀਂ ਹਰ ਕੰਮ ਕਰ ਸਕਦੇ ਹਾਂ। ਜੇਕਰ ਕੋਈ ਚੰਗਾ ਕੰਮ ਕਰਦੇ ਹੋ ਤਾਂ ਆਪਣੀ ਸਿਫ਼ਤ ਆਪ ਕਰੋ, ਕਿਸੇ ਤੋਂ ਉਮੀਦ ਨਾ ਰੱਖੋ ਕਿ ਕੋਈ ਤੁਹਾਡੀ ਸਿਫ਼ਤ ਕਰੇਗਾ।

ਜਦੋਂ ਤੁਹਾਡੀਆਂ ਮਾੜੀਆਂ ਆਦਤਾਂ ਖ਼ਤਮ ਹੋ ਜਾਣਗੀਆਂ ਤਾਂ ਤੁਹਾਡਾ ਮਨ ਵੀ ਖੁਸ਼ ਹੋ ਜਾਵੇਗਾ ਅਤੇ ਆਪਣੇ ਅੰਦਰ ਆਪਣੇ-ਆਪ ਆਤਮਵਿਸ਼ਵਾਸ ਵੀ ਪੈਦਾ ਹੋਵੇਗਾ ਅਤੇ ਆਪਣੇ-ਆਪ ਅੰਦਰੋਂ ਸੱਚੀ ਖੁਸ਼ੀ ਮਹਿਸੂਸ ਹੋਵੇਗੀ।

# ਬੱਚਿਆਂ ਨੂੰ ਰੱਖੋ ਮੋਬਾਈਲ ਤੋਂ ਦੂਰ



**ਮਾਤਾ-ਪਿਤਾ ਦੀ ਸਭ ਤੋਂ ਵੱਡੀ ਦੌਲਤ ਉਨ੍ਹਾਂ ਦੀ ਔਲਾਦ ਹੈ ਅਤੇ ਜੇਕਰ ਪੈਸੇ ਕਮਾਉਂਦੇ-ਕਮਾਉਂਦੇ ਉਹ ਆਪਣੇ ਬੱਚਿਆਂ ਨੂੰ ਚੰਗੀ ਪਰਵਰਿਸ਼ ਹੀ ਨਾ ਦੇ ਸਕੇ ਜਾਂ ਬੱਚੇ ਉਨ੍ਹਾਂ ਦੇ ਕਹਿਣੇ ਵਿਚ ਹੀ ਨਾ ਰਹੇ ਤਾਂ ਅਜਿਹੇ ਪੈਸਿਆਂ ਦਾ ਕੀ ਲਾਭ ? ਪਦਾਰਥਵਾਦੀ ਚੀਜ਼ਾਂ ਦੇ ਨਾਲ-ਨਾਲ ਬੱਚਿਆਂ ਨੂੰ ਮਾਤਾ-ਪਿਤਾ ਦੇ ਪਿਆਰ ਦੀ ਲੋੜ ਸਭ ਤੋਂ ਜ਼ਿਆਦਾ ਹੁੰਦੀ ਹੈ।**

ਬੱਚੇ ਕਿਸੇ ਵੀ ਦੇਸ਼ ਦਾ ਭਵਿੱਖ ਹੁੰਦੇ ਹਨ, ਕਿਉਂਕਿ ਇਨ੍ਹਾਂ ਬੱਚਿਆਂ ਨੇ ਹੀ ਪੜ੍ਹ-ਲਿਖ ਕੇ ਡਾਕਟਰ, ਇੰਜੀਨੀਅਰ, ਅਧਿਆਪਕ ਅਤੇ ਪ੍ਰਸ਼ਾਸਨਿਕ ਸੇਵਾਵਾਂ ਵਿਚ ਜਾ ਕੇ ਦੇਸ਼ ਦੀ ਸੇਵਾ ਕਰਨੀ ਹੁੰਦੀ ਹੈ। ਸਾਰੇ ਮਾਪਿਆਂ ਦਾ ਇਹ ਸੁਪਨਾ ਹੁੰਦਾ ਹੈ ਕਿ ਉਨ੍ਹਾਂ ਦੇ ਬੱਚੇ ਵਧੀਆ ਸਿੱਖਿਆ ਲੈ ਕੇ ਦੇਸ਼ ਦੀ ਤਰੱਕੀ ਵਿਚ ਆਪਣਾ ਯੋਗਦਾਨ ਜ਼ਰੂਰ ਪਾਉਣ। ਅੱਜ ਦੀ ਪੜ੍ਹਾਈ-ਲਿਖਾਈ ਕਿਤੇ ਨਾ ਕਿਤੇ ਤਕਨਾਲੋਜੀ ਨਾਲ ਜੁੜੀ ਹੋਈ ਹੈ ਅਤੇ ਅੱਜ ਇਸ ਤਕਨਾਲੋਜੀ ਦਾ ਸਭ ਤੋਂ ਵੱਡਾ ਤੋਹਫ਼ਾ ਮੋਬਾਈਲ ਹੈ, ਜੋ ਕਿ ਬੱਚਿਆਂ ਦੀ ਪੜ੍ਹਾਈ ਵਿਚ ਮਦਦ ਦੇ ਨਾਲ-ਨਾਲ ਵਿਹਲੇ ਸਮੇਂ ਵਿਚ ਉਨ੍ਹਾਂ ਦਾ ਮਨੋਰੰਜਨ ਵੀ ਕਰਦਾ ਹੈ। ਪਰ ਬੜੇ ਅਫਸੋਸ ਦੀ ਗੱਲ ਹੈ ਕਿ ਅੱਜ ਮੋਬਾਈਲ ਸਹੂਲਤ ਦੇਣ ਦੀ ਜਗ੍ਹਾ ਬੱਚਿਆਂ ਅਤੇ ਮਾਤਾ-ਪਿਤਾ ਦੀ ਪ੍ਰੇਸ਼ਾਨੀ ਦਾ ਕਾਰਨ ਬਣ ਰਿਹਾ ਹੈ, ਜਿਸ ਦਾ ਮੁੱਖ ਕਾਰਨ ਬੱਚਿਆਂ ਵਲੋਂ ਪੜ੍ਹਾਈ ਦੌਰਾਨ ਮਦਦ ਨਾ ਲੈ ਕੇ ਆਪਣੇ ਮਨੋਰੰਜਨ ਲਈ ਘੰਟਿਆਂਬੱਧੀ ਇਸ ਦੀ ਵਰਤੋਂ ਕਰਨਾ ਹੈ, ਜਿਸ ਨਾਲ ਜਿੱਥੇ ਬੱਚੇ ਇਕਲਾਪੇ ਦਾ ਸ਼ਿਕਾਰ ਹੋ ਰਹੇ ਹਨ, ਉੱਥੇ ਹੀ ਉਨ੍ਹਾਂ ਦੀ ਸਿਹਤ ਉੱਤੇ ਵੀ ਮਾੜਾ ਅਸਰ ਪੈ ਰਿਹਾ ਹੈ।

ਅੱਜ ਦੇ ਭੱਜ-ਦੌੜ ਦੇ ਸਮੇਂ ਵਿਚ ਮਾਪਿਆਂ ਕੋਲ ਸਮੇਂ ਦੀ ਘਾਟ ਹੁੰਦੀ ਹੈ, ਜਿਸ ਕਾਰਨ ਉਹ ਆਪਣੇ ਬੱਚਿਆਂ ਨੂੰ ਸਮਾਂ ਨਹੀਂ ਦੇ ਪਾਉਂਦੇ। ਲਗਪਗ ਸਾਰੇ ਹੀ ਬੱਚਿਆਂ ਵਲੋਂ ਮੋਬਾਈਲ ਫੜਨ ਸਾਰ ਉਸ ਉੱਤੇ ਗੇਮ ਖੇਡਣ ਦੀ ਮੰਗ ਕੀਤੀ ਜਾਂਦੀ ਹੈ, ਜਿਸ ਉੱਤੇ ਬੱਚਾ ਘੰਟਿਆਂਬੱਧੀ ਆਪਣਾ ਸਮਾਂ ਬਤੀਤ ਕਰਦਾ ਹੈ। ਇਸ ਤੋਂ ਇਲਾਵਾ ਯੂ ਟਿਊਬ ਉੱਤੇ ਬਾਲ ਕਵਿਤਾਵਾਂ, ਕਹਾਣੀਆਂ ਦੇਖਣ ਲਈ ਵੀ ਕਈ-ਕਈ ਘੰਟੇ ਬਿਤਾਏ ਜਾਂਦੇ ਹਨ। ਲਗਾਤਾਰ ਮੋਬਾਈਲ ਦੀ ਵਰਤੋਂ ਕਰਨ ਨਾਲ ਬੱਚੇ ਦੇ ਦਿਲ, ਦਿਮਾਗ ਅਤੇ ਅੱਖਾਂ ਉੱਤੇ ਮਾੜਾ ਅਸਰ ਪੈਂਦਾ ਹੈ, ਇਸੇ ਕਰਕੇ ਅੱਜ ਛੋਟੀ ਉਮਰ ਦੇ ਬੱਚਿਆਂ ਨੂੰ ਨਜ਼ਰ ਦੀਆਂ ਐਨਕਾਂ ਲੱਗ ਰਹੀਆਂ ਹਨ। ਕੁਝ ਸਮਾਂ ਪਹਿਲਾਂ ਹੋਈ ਰਿਸਰਚ ਵਿਚ ਇਹ ਗੱਲ ਸਾਹਮਣੇ ਆਈ ਹੈ ਕਿ ਤਕਨਾਲੋਜੀ ਬੱਚਿਆਂ ਨੂੰ ਲਾਭ ਦੇਣ ਦੀ ਜਗ੍ਹਾ 'ਤੇ ਨੁਕਸਾਨ ਦੇ ਰਹੀ ਹੈ। ਮੋਬਾਈਲ ਦੀ ਬੇਲੋੜੀ ਵਰਤੋਂ ਕਰਕੇ ਹੀ ਬੱਚਿਆਂ ਵਿਚ ਤਣਾਅ, ਆਟਿਜ਼ਮ, ਬਾਈਪੋਲਰ ਡਿਸਆਰਡਰ, ਮੋਟਾਪਾ, ਨੀਂਦ ਦੀ ਕਮੀ, ਮੋਬਾਈਲ ਦੀ ਲਤ ਲੱਗਣਾ, ਮਨੋਵਿਗਿਆਨਿਕ ਸਮੱਸਿਆਵਾਂ ਵਧ ਰਹੀਆਂ ਹਨ।

## ਕਿੰਝ ਕਰੀਏ ਬਚਾਅ

ਮਾਪਿਆਂ ਨੂੰ ਆਪਣੇ ਰੁਝੇਵਿਆਂ ਵਿਚੋਂ ਕੁੱਝ ਨਾ ਕੁੱਝ ਸਮਾਂ ਆਪਣੇ ਬੱਚਿਆਂ ਲਈ ਜ਼ਰੂਰ ਕੱਢਣਾ ਚਾਹੀਦਾ ਹੈ ਅਤੇ ਬੱਚਿਆਂ ਨੂੰ ਪੜ੍ਹਾਈ ਲਈ ਮੋਬਾਈਲ ਦੀ ਮਦਦ ਲੈਣ ਦੀ ਜਗ੍ਹਾ ਖੁਦ ਬੱਚਿਆਂ ਦੀ ਮਦਦ ਕਰਨੀ ਚਾਹੀਦੀ ਹੈ। ਮਾਤਾ-ਪਿਤਾ ਨੂੰ ਆਪਣੇ ਬੱਚਿਆਂ ਨੂੰ ਮੈਦਾਨ ਵਿਚ ਖੇਡਣ ਲਈ ਉਤਸ਼ਾਹਿਤ ਕਰਨਾ ਚਾਹੀਦਾ ਹੈ, ਤਾਂ ਜੋ ਬੱਚਿਆਂ ਦਾ ਸਰੀਰਕ ਅਤੇ ਮਾਨਸਿਕ ਵਿਕਾਸ ਹੋ ਸਕੇ। ਨਾਲੋ-ਨਾਲ ਬੱਚਿਆਂ ਨੂੰ ਮਹਾਨ ਖਿਡਾਰੀਆਂ ਦੀ ਜ਼ਿੰਦਗੀ ਬਾਰੇ ਜਾਣਕਾਰੀ ਪ੍ਰਦਾਨ ਕਰਨੀ ਚਾਹੀਦੀ ਹੈ। ਮਾਤਾ-ਪਿਤਾ ਨੂੰ ਆਪਣੇ ਬੱਚਿਆਂ ਵੱਲ ਪੂਰਾ ਧਿਆਨ ਦੇਣਾ ਚਾਹੀਦਾ ਹੈ, ਭਾਵੇਂ ਕਿ ਉਨ੍ਹਾਂ ਕੋਲ ਕਿੰਨੇ ਹੀ ਰੁਝੇਵੇਂ ਕਿਉਂ ਨਾ ਹੋਣ। ਮਾਤਾ-ਪਿਤਾ ਦੀ ਸਭ ਤੋਂ ਵੱਡੀ ਦੌਲਤ ਉਨ੍ਹਾਂ ਦੀ ਔਲਾਦ ਹੈ ਅਤੇ ਜੇਕਰ ਪੈਸੇ ਕਮਾਉਂਦੇ-ਕਮਾਉਂਦੇ ਉਹ ਆਪਣੇ ਬੱਚਿਆਂ ਨੂੰ ਚੰਗੀ ਪਰਵਰਿਸ਼ ਹੀ ਨਾ ਦੇ ਸਕੇ ਜਾਂ ਬੱਚੇ ਉਨ੍ਹਾਂ ਦੇ ਕਹਿਣੇ ਵਿਚ ਹੀ ਨਾ ਰਹੇ ਤਾਂ ਅਜਿਹੇ ਪੈਸਿਆਂ ਦਾ ਕੀ ਲਾਭ ? ਪਦਾਰਥਵਾਦੀ ਚੀਜ਼ਾਂ ਦੇ ਨਾਲ-ਨਾਲ ਬੱਚਿਆਂ ਨੂੰ ਮਾਤਾ-ਪਿਤਾ ਦੇ ਪਿਆਰ ਦੀ ਲੋੜ ਸਭ ਤੋਂ ਜ਼ਿਆਦਾ ਹੁੰਦੀ ਹੈ। ਇਸ ਲਈ ਜ਼ਰੂਰੀ ਹੈ ਕਿ ਬੱਚਿਆਂ ਦੀ ਚੰਗੀ ਪਰਵਰਿਸ਼ ਲਈ ਉਨ੍ਹਾਂ ਨੂੰ ਪੂਰਨ ਸਮਾਂ ਦਿੱਤਾ ਜਾਵੇ, ਤਾਂ ਜੋ ਬੱਚੇ ਵੱਡੇ ਹੋ ਕੇ ਪਰਿਵਾਰ ਅਤੇ ਦੇਸ਼ ਦਾ ਨਾਂਅ ਰੌਸ਼ਨ ਕਰ ਸਕਣ।



# ਰਣਬੀਰ ਨਾਲ ਵਿਆਹ ਤੋਂ ਪਹਿਲਾਂ ਆਲੀਆ ਭੱਟ ਨੇ ਸਾਂਝੀ ਕੀਤੀ ਵੱਡੀ ਖ਼ੁਸ਼ਖਬਰੀ, ਕਪੂਰ ਪਰਿਵਾਰ 'ਚ ਖ਼ੁਸ਼ੀ ਦੀ ਲਹਿਰ

ਸਾਲ 2021 ਖ਼ਤਮ ਹੋਣ ਵਾਲਾ ਹੈ ਅਤੇ ਇਸ ਦੇ ਨਾਲ ਨਵੇਂ ਸਾਲ ਦੇ ਨਵੇਂ ਸੁਫਨਿਆਂ ਨੂੰ ਸਾਕਾਰ ਕਰਨ ਦਾ ਸਮਾਂ ਆ ਗਿਆ ਹੈ। ਬਾਲੀਵੁੱਡ ਦੀ ਗੱਲ ਕਰੀਏ ਤਾਂ ਇਸ ਨਵੇਂ ਸਾਲ 'ਚ ਜਿੱਥੇ ਕਈ ਅਜਿਹੇ ਸਿਤਾਰੇ ਹਨ, ਜੋ ਆਪਣੇ ਜੀਵਨ ਸਾਥੀ ਨਾਲ ਨਵਾਂ ਸਫ਼ਰ ਸ਼ੁਰੂ ਕਰਨ ਜਾ ਰਹੇ ਹਨ, ਉੱਥੇ ਹੀ ਕੁਝ ਅਜਿਹੇ ਸਿਤਾਰੇ ਵੀ ਹਨ, ਜੋ ਕਰੀਅਰ ਦੇ ਮਾਮਲੇ 'ਚ ਕੁਝ ਵੱਖਰਾ ਕਰਨ ਦਾ ਰਸਤਾ ਦੇਖਣਗੇ। ਬਾਲੀਵੁੱਡ ਤੋਂ ਬਾਅਦ ਹਾਲੀਵੁੱਡ ਇੰਡਸਟਰੀ 'ਚ ਵੀ ਹੱਥ ਅਜ਼ਮਾਉਣਗੇ।

ਹਾਲਾਂਕਿ ਇਸ ਲਿਸਟ 'ਚ ਕਈ ਨਾਂ ਹਨ ਪਰ ਅਸੀਂ ਉਨ੍ਹਾਂ ਲੋਕਾਂ ਦੀ ਗੱਲ ਕਰਾਂਗੇ, ਜਿਨ੍ਹਾਂ ਨੇ ਬਹੁਤ ਛੋਟੀ ਉਮਰ 'ਚ ਉਹ ਮੁਕਾਮ ਹਾਸਲ ਕੀਤਾ ਹੈ, ਜੋ ਅਕਸਰ ਚੰਗੇ ਕਲਾਕਾਰ ਨਹੀਂ ਕਰ ਪਾਉਂਦੇ।ਸਭ ਤੋਂ ਪ੍ਰਤਿਭਾਸ਼ਾਲੀ ਅਦਾਕਾਰਾ ਆਲੀਆ ਭੱਟ ਦੀ ਗੱਲ ਕਰੀਏ। ਜਿਨ੍ਹਾਂ ਦੇ ਪਿਆਰ ਦੇ ਕਿੱਸੇ ਇਸ ਸਮੇਂ ਬਾਲੀਵੁੱਡ ਦੇ ਗਲਿਆਰਿਆਂ 'ਚ ਕਾਫ਼ੀ ਸੁਣਨ ਨੂੰ ਮਿਲ ਰਹੇ ਹਨ।

ਨਿਊਜ਼ ਪੋਰਟਲ ਦੀ ਰਿਪੋਰਟ 'ਚ ਦਾਅਵਾ ਕੀਤਾ ਹੈ ਕਿ ਹਾਲੀਵੁੱਡ ਪ੍ਰਾਜੈਕਟ ਦੀ ਡਿਟੇਲਸ ਹਾਲੇ ਸਾਹਮਣੇ ਨਹੀਂ ਆਈ ਹੈ। ਹਾਲਾਂਕਿ ਇਸ 'ਚ ਕਿਹਾ ਗਿਆ ਹੈ ਕਿ ਆਲੀਆ ਭੱਟ ਨੇ ਜਿੰਨੀਆਂ ਵੀ ਸਕ੍ਰਿਪਟ ਵੇਖੀਆਂ, ਉਨ੍ਹਾਂ 'ਚੋਂਣ ਇਕ ਨੇ ਉਸ ਦਾ ਧਿਆਨ ਖਿੱਚਿਆ। ਖ਼ਬਰਾਂ ਮੁਤਾਬਕ, ਆਲੀਆ ਭੱਟ ਸਾਲ 2022 ਦੀ ਸ਼ੁਰੂਆਤ 'ਚ ਆਪਣੇ ਪਹਿਲੇ ਹਾਲੀਵੁੱਡ ਪ੍ਰਾਜੈਕਟ ਦੀ ਘੋਸ਼ਣਾ ਕਰ ਸਕਦੀ ਹੈ।

# ਰਿਲੀਜ਼ ਹੋਈ ਰਜਨੀਕਾਂਤ ਦੀ ਫ਼ਿਲਮ 'ਅੰਨਾਥੇ', ਪ੍ਰਸ਼ੰਸਕਾਂ 'ਚ ਜਸ਼ਨ ਦਾ ਮਾਹੌਲ



ਸਾਊਥ ਸਿਨੇਮਾ ਦੇ ਸੁਪਰਸਟਾਰ ਰਜਨੀਕਾਂਤ ਦੀ ਫ਼ਿਲਮ ਰਿਲੀਜ਼ ਹੁੰਦਿਆਂ ਹੀ ਪ੍ਰਸ਼ੰਸਕਾਂ ਵਿਚਾਲੇ ਜਸ਼ਨ ਦਾ ਮਾਹੌਲ ਲੈ ਕੇ ਆਈ ਹੈ। ਰਜਨੀਕਾਂਤ ਲਈ ਉਨ੍ਹਾਂ ਦੇ ਪ੍ਰਸ਼ੰਸਕਾਂ 'ਚ ਦੀਵਾਨਗੀ ਇਸ ਕਦਰ ਹੈ ਕਿ ਦੱਖਣ ਭਾਰਤ 'ਚ ਉਨ੍ਹਾਂ ਦੇ ਕਈ ਮੰਦਰ ਹਨ। ਉਨ੍ਹਾਂ ਦੀ ਫ਼ਿਲਮ ਰਿਲੀਜ਼ ਹੁੰਦਿਆਂ ਸਾਰ ਹਾਊਸਫ਼ੁੱਲ ਹੋ ਜਾਂਦੀ ਹੈ। ਰਜਨੀਕਾਂਤ ਦੇ ਪ੍ਰਸ਼ੰਸਕ ਉਨ੍ਹਾਂ 'ਤੇ ਜਾਨ ਛਿੜਕਦੇ ਹਨ।

ਇਸੇ ਤਰ੍ਹਾਂ ਰਜਨੀਕਾਂਤ ਦੀ ਨਵੀਂ ਫ਼ਿਲਮ 'ਅੰਨਾਥੇ' ਰਿਲੀਜ਼ ਹੁੰਦਿਆਂ ਹੀ ਉਨ੍ਹਾਂ ਦੇ ਪ੍ਰਸ਼ੰਸਕ ਜਸ਼ਨ ਮਨਾਉਣ ਲੱਗ ਪਏ। ਉਨ੍ਹਾਂ ਦੀ ਫ਼ਿਲਮ ਰਿਲੀਜ਼ ਹੋਣ ਦੀ ਖ਼ੁਸ਼ੀ 'ਚ ਉਨ੍ਹਾਂ ਦੇ ਚਾਹੁਣ ਵਾਲਿਆਂ ਨੇ ਹਵਨ ਤੱਕ ਕਰਵਾ ਦਿੱਤਾ। ਅੰਨਾ ਦੇ ਪ੍ਰਸ਼ੰਸਕਾਂ ਲਈ ਉਨ੍ਹਾਂ ਦੀਆਂ ਫ਼ਿਲਮਾਂ ਰਿਲੀਜ਼ ਹੋਣ ਦਾ ਦਿਨ ਕਿਸੇ ਤਿਉਹਾਰ ਨਾਲੋਂ ਘੱਟ ਨਹੀਂ ਹੁੰਦਾ।

ਸੁਪਰਸਟਾਰ ਰਜਨੀਕਾਂਤ ਦੀ ਨਵੀਂ ਫ਼ਿਲਮ 'ਅੰਨਾਥੇ' ਦੇਸ਼ ਭਰ ਦੇ ਸਿਨੇਮਾਘਰਾਂ 'ਚ ਰਿਲੀਜ਼ ਮੌਕੇ ਪ੍ਰਸ਼ੰਸਕਾਂ 'ਚ ਕਾਫੀ ਉਤਸ਼ਾਹ ਦੇਖਣ ਨੂੰ ਮਿਲਿਆ। ਤਾਮਿਲਨਾਡੂ ਦੇ ਤ੍ਰਿਚੀ ਜ਼ਿਲ੍ਹੇ 'ਚ ਰਜਨੀਕਾਂਤ ਫੈਨ ਕਲੱਬ ਦੇ ਡਿਪਟੀ ਸੈਕਟਰੀ ਕਰਣਨ ਨੇ ਫ਼ਿਲਮ ਦੀ ਰਿਲੀਜ਼ ਮੌਕੇ ਖੁਸ਼ੀ ਜ਼ਾਹਿਰ ਕੀਤੀ। ਕਰਣਨ ਰਾਤ ਦੇ ਖਾਣੇ 'ਚ 1 ਰੁਪਏ 'ਚ ਲੋਕਾਂ ਨੂੰ ਡੋਸਾ ਪਰੋਸ ਰਹੇ ਹਨ। ਉਸ ਦਾ ਕਹਿਣਾ ਹੈ ਕਿ ਫ਼ਿਲਮ ਨੂੰ ਪ੍ਰਮੋਟ ਕਰਨ ਲਈ 'ਅੰਨ੍ਹੇ ਡੋਸਾ' ਦੀ ਮਾਰਕੀਟਿੰਗ ਕੀਤੀ ਜਾ ਰਹੀ ਹੈ। ਕਰਣਨ ਨੇ ਦੱਸਿਆ, 'ਮੈਂ ਚਾਹੁੰਦਾ ਹਾਂ ਤੇ ਪ੍ਰਾਰਥਨਾ ਕਰਦਾ ਹਾਂ ਕਿ ਲੋਕ ਵੱਡੀ ਗਿਣਤੀ 'ਚ ਆਉਣ ਤੇ ਫ਼ਿਲਮ ਇਕ ਵੱਡੀ ਹਿੱਟ ਬਣੇ।'ਉਧਰ ਰਜਨੀਕਾਂਤ ਦੇ ਪ੍ਰਸ਼ੰਸਕਾਂ ਨੇ ਫ਼ਿਲਮ ਦਾ ਜਸ਼ਨ ਮਨਾਉਣਾ ਸ਼ੁਰੂ ਕਰ ਦਿੱਤਾ ਹੈ। ਜਸ਼ਨ ਦੌਰਾਨ ਸੈਂਕੜੇ ਪ੍ਰਸ਼ੰਸਕ ਮੁੰਬਈ ਤੇ ਚੇਨਈ ਦੇ ਸਿਨੇਮਾਘਰਾਂ ਦੇ ਬਾਹਰ ਨੱਚਦੇ ਦੇਖੇ ਗਏ। ਚੇਨਈ ਦੇ ਰੋਹਿਣੀ ਥੀਏਟਰ ਤੇ ਮੁੰਬਈ ਦੇ ਸਿਓਂ ਦੇ ਪੀ. ਵੀ. ਆਰ. ਥੀਏਟਰ ਦੀਆਂ ਤਾਜ਼ਾ ਤਸਵੀਰਾਂ ਦੇ ਅਨੁਸਾਰ ਥੀਏਟਰ ਦੇ ਸਾਹਮਣੇ ਵੱਡੀ ਗਿਣਤੀ 'ਚ ਲੋਕ ਮੌਜੂਦ ਸਨ।

# ਚੰਗੇ ਕੰਟੈਂਟ ਵਾਲੇ ਸਿਨੇਮਾ ਨੂੰ ਆਫ-ਬੀਟ ਨਹੀਂ ਕਿਹਾ ਜਾ ਸਕਦਾ : ਆਯੁਸ਼ਮਾਨ




ਫ਼ਿਲਮ 'ਬਾਲਾ' ਦੀ ਰਿਲੀਜ ਦੀ ਦੂਜੀ ਵਰ੍ਹੇਗੰਢ 'ਤੇ ਆਯੂਸ਼ਮਾਨ ਖੁਰਾਣਾ ਨੇ ਕਿਹਾ ਕਿ ਫ਼ਿਲਮ ਦੀ ਭਾਰੀ ਸਫਲਤਾ ਨੇ ਉਨ੍ਹਾਂ ਨੂੰ ਇਹ ਭਰੋਸਾ ਦਿਵਾਇਆ ਕਿ ਉਹ ਸਿਨੇਮਾ, ਜਿਸ ਨੂੰ ਕਦੇ ਆਫ-ਬੀਟ ਕਰਾਰ ਦਿੱਤਾ ਗਿਆ ਸੀ, ਭਾਰਤ 'ਚ ਨਵਾਂ ਮੇਨਸਟ੍ਰੀਮ ਸਿਨੇਮਾ ਹੈ।

ਆਯੂਸ਼ਮਾਨ ਕਹਿੰਦੇ ਹਨ, 'ਬਾਲਾ ਦੀ ਸਫਲਤਾ ਨੇ ਇਸ ਗੱਲ ਨੂੰ ਫਿਰ ਤੋਂ ਸਾਬਿਤ ਕੀਤਾ ਕਿ ਚੰਗੇ ਕੰਟੈਂਟ ਵਾਲੇ ਸਿਨੇਮਾ ਨੂੰ ਹੁਣ ਆਫ-ਬੀਟ ਨਹੀਂ ਕਿਹਾ ਜਾ ਸਕਦਾ। ਅਜਿਹੀਆਂ ਫਲਿਮਾਂ ਮੁੱਖਧਾਰਾ ਦਾ ਸਿਨੇਮਾ ਬੱਣ ਗਈਆਂ ਹਨ ਤੇ ਸਹੀ ਮਾਇਨੇ 'ਚ ਇਹ ਬਿਆਨ ਕਰ ਰਹੀਆਂ ਹਨ ਕਿ ਸਿਨੇਮਾ ਕਿਵੇਂ ਦਾ ਹੋਣਾ ਚਾਹੀਦਾ ਹੈ।'ਉਨ੍ਹਾਂ ਅੱਗੇ ਕਿਹਾ ਕਿ ਉਹ ਆਪਣੇ ਨਿਰਦੇਸ਼ਕ ਅਮਰ ਕੌਸ਼ਿਕ ਨੂੰ ਉਨ੍ਹਾਂ ਦੇ ਵਿਜਨ ਤੇ ਇਸ ਵਿਸ਼ੇ 'ਚ ਆਪਣਾ ਭਰੋਸਾ ਜਤਾਉਣ ਲਈ ਨਿਰਮਾਤਾ ਦਿਨੇਸ਼ ਵਿਜਾਨ ਨੂੰ ਕ੍ਰੈਡਿਟ ਦੇਣਾ ਚਾਹੁੰਦੇ ਹਨ।ਦੱਸ ਦੇਈਏ ਕਿ ਫਿਲਮ 'ਬਾਲਾ' ਸਾਲ 2019 'ਚ ਰਿਲੀਜ ਹੋਈ ਸੀ। ਇਸ ਫਿਲਮ 'ਚ ਆਯੂਸ਼ਮਾਨ ਤੋਂ ਇਲਾਵਾ ਯਾਮੀ ਗੌਤਮ ਤੇ ਭੂਮੀ ਪੇਡਨੇਕਰ ਨੇ ਅਹਿਮ ਭੂਮਿਕਾ ਨਿਭਾਈ ਸੀ। ਫਲਿਮ 'ਚ ਕੁਝ ਸਮਾਜਿਕ ਮੁੱਦਿਆਂ ਨੂੰ ਵੀ ਦਰਸਾਇਆ ਗਿਆ ਸੀ।

# ਸਿਧਾਰਥ ਮਲਹੋਤਰਾ ਦੀ ਫ਼ਿਲਮ ਮਿਸ਼ਨ ਮਜਨੂ ਅਗਲੇ ਸਾਲ ਹੋਵੇਗੀ ਰਿਲੀਜ਼

ਬਾਲੀਵੁੱਡ ਅਦਾਕਾਰ ਸਿਧਾਰਥ ਮਲਹੋਤਰਾ ਅਤੇ ਰਸ਼ਮਿਕਾ ਮੰਦਾਨਾ ਅਭਿਨੀਤ, ਆਰ. ਐੱਸ. ਵੀ. ਪੀ. ਅਤੇ ਗਿਲਟੀ ਬਾਏ ਐਸੋਸਿਏਸ਼ਨ ਦੀ ਜਾਸੂਸੀ ਥ੍ਰਿਲਰ ਫ਼ਿਲਮ ਮਿਸ਼ਨ ਮਜਨੂ 13 ਮਈ, 2022 ਨੂੰ ਸਿਨੇਮਾਘਰਾਂ ਵਿਚ ਰਿਲੀਜ਼ ਹੋ ਰਹੀ ਹੈ। ਇਸ ਫ਼ਿਲਮ ਦੀ ਰਿਲੀਜ਼ਿੰਗ ਡੇਟ ਦੀ ਘੋਸ਼ਣਾ ਦੇ ਨਾਲ ਫ਼ਿਲਮ ਮੇਕਰਸ ਨੇ ਇਕ ਤਸਵੀਰ ਵੀ ਲਾਂਚ ਕੀਤੀ, ਜਿਸ ਵਿਚ ਸਿਧਾਰਥ ਮਲਹੋਤਰਾ ਨਜ਼ਰ ਆ ਰਹੇ ਹਨ। ਇਸ ਪੋਸਟਰ ਨੇ ਫ਼ਿਲਮ ਦੀ ਕਹਾਣੀ ਦੇ ਪ੍ਰਤੀ ਲੋਕਾਂ ਦੀ ਬੇਸਬਰੀ ਹੋਰ ਵੀ





ਵਧਾ ਦਿੱਤੀ ਹੈ। ਦੱਸ ਦਈਏ ਕਿ ਇਹ ਫ਼ਿਲਮ ਪਾਕਿਸਤਾਨ ਦੀ ਧਰਤੀ 'ਤੇ ਭਾਰਤ ਦੇ ਸਭ ਤੋਂ ਬਹਾਦਰੀ ਵਾਲੇ ਗੁਪਤ ਆਪ੍ਰੇਸ਼ਨ ਨਾਲ ਪ੍ਰੇਰਿਤ ਹੈ। ਸ਼ਾਂਤਨੂ ਬਾਗਚੀ ਦੁਆਰਾ ਨਿਰਦੇਸ਼ਿਤ ਫ਼ਿਲਮ 1970 ਦੇ ਦਹਾਕੇ 'ਚ ਸੈੱਟ ਕੀਤੀ ਗਈ ਹੈ। ਸਿਧਾਰਥ ਮਲਹੋਤਰਾ ਇਸ ਫ਼ਿਲਮ ਵਿਚ ਇਕ ਰਾਅ-ਏਜੰਟ ਦੀ ਭੂਮਿਕਾ ਨਿਭਾਉਣਗੇ, ਜੋ ਭਾਰਤ ਦੇ ਆਪ੍ਰੇਸ਼ਨ ਦੀ ਅਗਵਾਈ ਕਰਦਾ ਹੈ। ਭਾਰਤ ਦੀ ਨੈਸ਼ਨਲ ਕ੍ਰਸ਼ ਰਸ਼ਮਿਕਾ ਮੰਦਾਨਾ ਇਸ ਫ਼ਿਲਮ ਨਾਲ ਹਿੰਦੀ ਫ਼ਿਲਮ ਜਗਤ 'ਚ ਕਦਮ ਰੱਖਣ ਜਾ ਰਹੀ ਹੈ।

The ONLY temple in the world outside India dedicated to Shri Shani Maharaj


# Shri SHANI DEV Mandir, New York
# Sarvamangala Shri SANEESWARA Temple, New York

*Regular Poojas' and Homas' are conducted on daily basis:*

***Special Poojas:***


*+ Sri Saneeswara homam*
*+ Sri Saneeswara - parikara pooja*
*+ Sri Saneeswara harati*
*+ Sri Navagraha Homa*
*+ Poornima: vrata Pooja*
*+ Pradosham Pooja*
*+ Sri Sankatahara chaturthi Pooja*
*+ Sri Satyanarayana Vratha*
*+ Birthdays / Weddings / Upanayanam & More… … .*











**1616 Hillside Avenue, Temple Suits**
**New Hyde Park NY 11040**
**Ph: 718 740 9400 / 516 358 9400**
**Email: temple.navagraha@gmail.com**

**Temple Hours: 8.00 am to 9.00 pm**

***The Temple entrance is in the western side parking lot behind Hot Breads & Maharajas in New Hyde Park NY***

***Functions of the space:***

***Temple / Community Events / Senior Social Day Care Center / Art & Music School / Library / Spiritual Lounge / Gift Shop***

**www.NavagrahaUSA.com**